Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 351 18/06/2026 www.samajweekly.com samajweekly @samajweekly samajweekly

# ਅਮਰੀਕਾ-ਇਰਾਨ ਸਮਝੌਤੇ 'ਤੇ ਬੋਲੇ ਡੋਨਾਲਡ ਟਰੰਪ

## ਕਿਹਾ : ਜੇ ਇਰਾਨ ਸਮਝੌਤੇ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਅਮਰੀਕਾ ਫਿਰ ਤੋਂ ਕਰ ਸਕਦਾ ਹੈ ਕਾਰਵਾਈ

**ਵਾਸ਼ਿੰਗਟਨ** : ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਸਮਝੌਤੇ 'ਤੇ ਅਜੇ ਵੀ ਸਸਪੈਂਸ ਬਣਿਆ ਹੋਇਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਰਾਨ ਨਾਲ ਹੋਇਆ ਸਮਝੌਤਾ ਅਜੇ ਫਾਈਨਲ ਨਹੀਂ ਹੈ। ਘ7 ਵਿੱਚ ਮਿਸਰ ਦੇ ਰਾਸ਼ਟਰਪਤੀ ਅਬਦੇਲ ਫ਼ਤਿਹ ਅਲ-ਸੀਸੀ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਫਿਲਹਾਲ ਸਿਰਫ਼ ਮੈਮੋਰੈਂਡਮ ਆਫ਼ ਅੰਡਰਸਟੈਂਡਿੰਗ ਹੋਇਆ ਹੈ ਅਤੇ ਅਜੇ ਕਈ ਗੱਲਾਂ ਤੈਅ ਹੋਣੀਆਂ ਬਾਕੀ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਰਾਨ ਸਮਝੌਤੇ ਦੀਆਂ ਸ਼ਰਤਾਂ



ਦੀ ਪਾਲਣਾ ਨਹੀਂ ਕਰਦਾ, ਤਾਂ ਅਮਰੀਕਾ ਫਿਰ ਤੋਂ ਫ਼ੌਜੀ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਕਿਹਾ, "ਜੇਕਰ ਉਨ੍ਹਾਂ ਨੇ ਠੀਕ ਤਰ੍ਹਾਂ ਵਿਵਹਾਰ ਨਾ ਕੀਤਾ, ਤਾਂ ਅਸੀਂ ਫਿਰ ਬੰਬ ਬਰਸਾਵਾਂਗੇ।"

ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਇਰਾਨ ਨਾਲ ਸਮਝੌਤੇ ਕਾਰਨ ਬਾਜ਼ਾਰਾਂ ਵਿੱਚ ਭਰੋਸਾ ਵਧਿਆ ਹੈ ਅਤੇ ਇਸ ਦਾ ਅਸਰ ਦਿਖਾਈ ਦੇ ਰਿਹਾ ਹੈ । ਉਨ੍ਹਾਂ ਕਿਹਾ ਕਿ ਹੋਰਮੁਜ਼ ਸਟ੍ਰੇਟ ਅਗਲੇ ਇੱਕ-ਦੋ ਦਿਨਾਂ ਵਿੱਚ ਪੂਰੀ ਤਰ੍ਹਾਂ ਖੁੱਲ੍ਹ ਜਾਵੇਗਾ। ਉਨ੍ਹਾਂ ਮੁਤਾਬਕ, ਸਮੁੰਦਰੀ ਮਾਰਗ 'ਤੇ ਜਹਾਜ਼ਾਂ ਦੀ ਆਵਾਜਾਈ ਹੌਲੀ-ਹੌਲੀ ਆਮ ਵਾਂਗ ਹੋ ਰਹੀ ਹੈ।



ਅਦਾਰਾ ਸਮਾਜ ਵੀਕਲੀ ਵਲੋਂ ਸ਼ਹੀਦਾਂ ਦੇ ਸਿਰਤਾਜ-ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਤੇ ਕੋਟਿ-ਕੋਟਿ ਨਮਨ

# ਬੱਸ ਅਤੇ ਟਰੱਕ ਦੀ ਟੱਕਰ ਦੌਰਾਨ 6 ਵਿਅਕਤੀਆਂ ਦੀ ਮੌਤ, 20 ਜ਼ਖਮੀ

**ਵਡੋਦਰਾ।** ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਵਿੱਚ ਅੱਜ ਤੜਕੇ ਹਾਈਵੇਅ ਤੇ ਇੱਕ ਨਿੱਜੀ ਬੱਸ ਅਤੇ ਖੜ੍ਹੇ ਟਰੱਕ ਵਿਚਕਾਰ ਜ਼ੋਰਦਾਰ ਟੱਕਰ ਹੋ ਗਈ। ਇਸ ਹਾਦਸੇ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਲਗਭਗ 20 ਹੋਰ ਜ਼ਖਮੀ ਹੋ ਗਏ। ਇਸ ਹਾਦਸੇ ਦੀ ਜਾਣਕਾਰੀ ਦਿੰਦਿਆਂ ਪੁਲੀਸ ਨੇ ਦੱਸਿਆ ਕਿ ਇਹ ਹਾਦਸਾ ਵਡੋਦਰਾ-ਹਾਲੋਲ ਹਾਈਵੇਅ ਤੇ ਕੋਟੰਬੀ ਪਿੰਡ ਨੇੜੇ ਸਵੇਰੇ 4 ਵਜੇ ਦੇ ਕਰੀਬ ਵਾਪਰਿਆ ਹੈ। ਘਟਨਾ ਸਥਾਨ ਤੇ ਪਹੁੰਚੇ ਵਡੋਦਰਾ ਜ਼ਿਲ੍ਹੇ ਦੇ ਪੁਲੀਸ ਸੁਪਰਡੈਂਟ ਸੁਸ਼ੀਲ ਅਗਰਵਾਲ ਨੇ ਦੱਸਿਆ ਕਿ ਰਾਜਸਥਾਨ ਤੋਂ ਗੁਜਰਾਤ ਦੇ ਸੂਰਤ ਜਾ ਰਹੀ ਇੱਕ ਲਗਜ਼ਰੀ ਬੱਸ ਟਰੱਕ ਦੇ ਪਿਛਲੇ ਹਿੱਸੇ ਨਾਲ ਟਕਰਾ ਗਈ। ਉਨ੍ਹਾਂ ਕਿਹਾ ਕਿ ਟਰੱਕ ਸੜਕ ਦੇ ਕਿਨਾਰੇ ਖੜ੍ਹਾ ਸੀ। ਟਰੱਕ ਦਾ ਡਰਾਈਵਰ ਟਾਇਰ ਦਾ ਪ੍ਰੈਸ਼ਰ ਚੈਕ ਕਰ ਰਿਹਾ ਸੀ, ਜਦੋਂ ਇੱਕ ਤੇਜ਼ ਰਫ਼ਤਾਰ ਬੱਸ ਨੇ ਪਿੱਛੇ ਤੋਂ ਇਸ ਨੂੰ ਟੱਕਰ ਮਾਰ ਦਿੱਤੀ।



ਅਗਰਵਾਲ ਨੇ ਕਿਹਾ ਕਿ ਟੱਕਰ ਬਹੁਤ ਜ਼ਬਰਦਸਤ ਸੀ, ਜਿਸ ਨਾਲ ਬੱਸ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਕੁਚਲਿਆ ਗਿਆ। ਹਾਦਸੇ ਵਿੱਚ ਛੇ ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ ਲਗਭਗ 20 ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਬੱਸ ਵਿੱਚ ਸਫ਼ਰ ਕਰਨ ਵਾਲੇ ਜ਼ਿਆਦਾਤਰ ਯਾਤਰੀ ਰਾਜਸਥਾਨ ਦੇ ਸਨ। ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਵਡੋ-ਦਰਾ ਦਿਹਾਤੀ ਦੇ ਜਰੋਦ ਪੁਲੀਸ ਸਟੇਸ਼ਨ ਦਾ ਸਟਾਫ ਤੁਰੰਤ ਮੌਕੇ ਤੇ ਪਹੁੰਚ ਗਿਆ ਅਤੇ ਬਚਾਅ ਕਾਰਜ ਕਰਨੇ ਸ਼ੁਰੂ ਕਰ ਦਿੱਤੇ। ਐਸਪੀ ਨੇ ਕਿਹਾ ਕਿ ਬੱਸ ਨੂੰ ਹੋਏ ਨੁਕਸਾਨ ਦੇ ਮੱਦੇਨਜ਼ਰ, ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ ਦੀਆਂ ਟੀਮਾਂ ਨੂੰ ਵੀ ਬਚਾਅ ਕਾਰਜਾਂ ਵਿੱਚ ਮਦਦ ਲਈ ਬੁਲਾਇਆ ਗਿਆ ਸੀ ਅਤੇ ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ।

# ਉੱਤਰ-ਪੱਛਮੀ ਪਾਕਿਸਤਾਨ ਵਿੱਚ ਗੁਰਦੁਆਰੇ ਦੇ ਅੰਦਰ ਗੋਲੀਬਾਰੀ ਵਿੱਚ ਸਿੱਖ ਸੇਵਾਦਾਰ ਜੋੜੇ ਦੀ ਮੌਤ

**ਪੇਸ਼ਾਵਰ:** ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖੈਬਰ ਪਖਤੂਨਖਵਾ ਵਿੱਚ ਇੱਕ ਗੁਰਦੁਆਰੇ ਦੇ ਅੰਦਰ ਇੱਕ ਸਿੱਖ ਸੇਵਾਦਾਰ ਜੋੜੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਪੇਸ਼ਾਵਰ ਤੋਂ ਲਗਭਗ 60 ਕਿਲੋਮੀਟਰ ਉੱਤਰ-ਪੱਛਮ ਵਿੱਚ ਮਰਦਾਨ ਦੇ ਬਾਬੂ ਮੁਹੱਲਾ ਇਲਾਕੇ ਵਿੱਚ ਵਾਪਰੀ। ਮਰਦਾਨ ਦੇ ਜ਼ਿਲ੍ਹਾ ਪੁਲਿਸ ਅਧਿਕਾਰੀ ਮਸੂਦ ਅਹਿਮਦ ਅਨੁਸਾਰ, ਅਣਪਛਾਤੇ ਹਮਲਾਵਰਾਂ ਨੇ ਗੁਰਦੁਆਰੇ ਦੇ ਅੰਦਰ ਗੋਲੀਬਾਰੀ ਕੀਤੀ, ਜਿਸ ਦੇ ਨਤੀਜੇ ਵਜੋਂ ਜਗਨਨਾਥ ਅਤੇ ਉਸ ਦੀ ਪਤਨੀ ਅਸਮਾ ਵੰਤੀ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਹਮਲੇ ਦੇ ਪਿੱਛੇ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਸ਼ਾਮਲ ਲੋਕਾਂ ਨੂੰ ਫੜਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।



# ਸੰਗਰੂਰ ਦੀ ਧੀ ਰਸ਼ਦੀਪ ਕੌਰ ਰਾਸ਼ਟਰਮੰਡਲ ਖੇਡਾਂ 'ਚ ਚਮਕਾਏਗੀ ਭਾਰਤ ਦਾ ਨਾਮ, 4x400 ਮੀਟਰ ਰਿਲੇਅ ਰੇਸ ਲਈ ਕੀਤਾ ਕੁਆਲੀਫਾਈ

**ਸੰਗਰੂਰ:** ਪੰਜਾਬ ਦੇ ਖੇਡ ਜਗਤ ਲਈ ਇੱਕ ਬਹੁਤ ਹੀ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਸੰਗਰੂਰ ਦੇ ਪਿੰਡ ਗੰਢੂਆਂ ਦੀ ਹੋਣਹਾਰ ਅਥਲੀਟ ਰਸ਼ਦੀਪ ਕੌਰ ਆਗਾਮੀ ਰਾਸ਼ਟਰਮੰਡਲ ਖੇਡਾਂ (ਘਲਓਸਗੋ ਛਾਂਘ) ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਨ ਜਾ ਰਹੀ ਹੈ। ਐਥਲੈਟਿਕਸ ਫੈਡਰੇਸ਼ਨ ਆਫ਼ ਇੰਡੀਆ (ਅਢੀ) ਵੱਲੋਂ 14 ਜੂਨ 2026 ਨੂੰ ਭਾਰਤੀ ਐਥਲੈਟਿਕਸ ਟੀਮ ਦੇ 32 ਮੈਂਬਰਾਂ ਦੇ ਨਾਵਾਂ ਦਾ ਅਧਿਕਾਰਤ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਰਸ਼ਦੀਪ ਕੌਰ ਦਾ ਨਾਂ ਵੀ ਪ੍ਰਮੁੱਖਤਾ ਨਾਲ ਸ਼ਾਮਲ ਹੈ। ਰਸ਼ਦੀਪ ਨੇ ਇਹ ਵੱਡੀ ਪ੍ਰਾਪਤੀ 4ਣ400 ਮੀਟਰ ਰਿਲੇਅ ਰੇਸ ਵਿੱਚ ਕੁਆਲੀਫਾਈ ਕਰਕੇ ਹਾਸਲ ਕੀਤੀ ਹੈ, ਜਿਸ ਤੋਂ ਬਾਅਦ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।



**ਪਿਤਾ ਨੇ ਲੋਕਾਂ ਦੀ ਪਰਵਾਹ ਕੀਤੇ ਬਿਨਾਂ ਧੀਆਂ ਨੂੰ ਉਤਾਰਿਆ ਮੈਦਾਨ ਵਿੱਚ**

ਰਸ਼ਦੀਪ ਕੌਰ ਦੀ ਇਸ ਕਾਮਯਾਬੀ ਪਿੱਛੇ ਉਨ੍ਹਾਂ ਦੇ ਪਰਿਵਾਰ ਦਾ ਲੰਮਾ ਸੰਘਰਸ਼ ਅਤੇ ਦ੍ਰਿੜ ਇਰਾਦਾ ਛਿਪਿਆ ਹੋਇਆ ਹੈ। ਸਮਾਜਿਕ ਰੂੜ੍ਹੀਵਾਦੀ ਸੋਚ ਅਤੇ ਲੋਕਾਂ ਦੀਆਂ ਗੱਲਾਂ ਦੀ ਪਰਵਾਹ ਕੀਤੇ ਬਿਨਾਂ, ਰਸ਼ਦੀਪ ਦੇ ਪਿਤਾ ਗੁਰਲਾਲ ਸਿੰਘ ਨੇ ਆਪਣੀਆਂ ਧੀਆਂ ਨੂੰ ਖੇਡ ਮੈਦਾਨ ਵਿੱਚ ਉਤਾਰਿਆ। ਅੱਜ ਉਨ੍ਹਾਂ ਦੀ ਉਸੇ ਮਿਹਨਤ ਅਤੇ ਹੌਸਲੇ ਨੂੰ ਇੱਕ ਇਤਿਹਾਸਕ ਸਫ਼ਲਤਾ ਮਿਲੀ ਹੈ। ਮਾਣ ਵਾਲੀ ਗੱਲ ਇਹ ਵੀ ਹੈ ਕਿ ਖੇਡਾਂ ਦਾ ਇਹ ਜਜ਼ਬਾ ਪੂਰੇ ਪਰਿਵਾਰ ਵਿੱਚ ਹੈ। ਰਸ਼ਦੀਪ ਦੀਆਂ ਦੋਵੇਂ ਛੋਟੀਆਂ ਭੈਣਾਂ ਸੁਖਵੀਰ ਕੌਰ ਅਤੇ ਰਣਜੀਤ ਕੌਰ ਵੀ ਬਿਹਤਰੀਨ ਖਿਡਾਰਨਾਂ ਹਨ ਅਤੇ ਨੈਸ਼ਨਲ ਪੱਧਰ 'ਤੇ ਆਪਣੀ ਖੇਡ ਦਾ ਲੋਹਾ ਮਨਵਾ ਚੁੱਕੀਆਂ ਹਨ।

**ਕੋਚ ਸਰਬਜੀਤ ਸਿੰਘ ਹੈਪੀ ਨੇ ਨਿਭਾਈ ਵੱਡੀ ਭੂਮਿਕਾ**

ਰਸ਼ਦੀਪ ਨੂੰ ਇਸ ਮੁਕਾਮ ਤੱਕ ਪਹੁੰਚਾਉਣ ਵਿੱਚ ਜਲੰਧਰ ਦੇ ਐਥਲੈਟਿਕਸ ਕੋਚ ਸਰਬਜੀਤ ਸਿੰਘ ਹੈਪੀ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਰਸ਼ਦੀਪ ਦੀ ਪ੍ਰਤਿਭਾ ਨੂੰ ਪਛਾਣਿਆ ਅਤੇ ਪਿਛਲੇ 10 ਸਾਲਾਂ ਤੱਕ ਨਾ ਸਿਰਫ਼ ਉਸ ਨੂੰ ਮੁਫ਼ਤ ਖੇਡ ਸਿਖਲਾਈ ਦਿੱਤੀ, ਬਲਕਿ ਆਰਥਿਕ ਤੌਰ 'ਤੇ ਵੀ ਹਰਸੰਭਵ ਮਦਦ ਕੀਤੀ। ਕੋਚ ਅਤੇ ਖਿਡਾਰਨ ਦੀ ਇਸ 10 ਸਾਲਾਂ ਦੀ ਅਣਥੱਕ ਮਿਹਨਤ ਸਦਕਾ ਅੱਜ ਰਸ਼ਦੀਪ ਕੌਰ ਅੰਤਰਰਾਸ਼ਟਰੀ ਮੰਚ 'ਤੇ ਦੇਸ਼ ਦਾ ਤਿਰੰਗਾ ਲਹਿਰਾਉਣ ਲਈ ਤਿਆਰ ਹੈ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਪੇਪਰ ਦੇਣ ਜਾ ਰਹੇ ਵਿਦਿਆਰਥੀਆਂ ਦੀ ਕਾਰ ਦਾ ਹੋਇਆ ਐਕਸੀਡੈਂਟ, 3 ਦੀ ਮੌਤ



**ਆਗਰਾ**-ਗਵਾਲੀਅਰ ਹਾਈਵੇਅ 'ਤੇ ਅੱਜ ਦੋ ਕਾਰਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 11 ਹੋਰ ਜ਼ਖ਼ਮੀ ਹੋ ਗਏ। ਸਾਰੇ ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਦੇ ਅਨੁਸਾਰ, ਧੌਲਪੁਰ ਦਿਸ਼ਾ ਤੋਂ ਇੱਕ ਕਾਰ ਵਿੱਚ ਸਵਾਰ ਸੱਤ ਵਿਦਿਆਰਥੀ ਆਪਣੀ ਬੀ.ਐਸ.ਸੀ. ਦੀ ਪ੍ਰੀਖਿਆ ਦੇਣ ਲਈ ਆਗਰਾ ਜਾ ਰਹੇ ਸਨ। ਜਿਵੇਂ ਹੀ ਕਾਰ ਕੁਨਾਲ ਕਾਲਜ ਦੇ ਨੇੜੇ ਪਹੁੰਚੀ, ਅਚਾਨਕ ਇੱਕ ਟਾਇਰ ਫਟ ਗਿਆ। ਗੱਡੀ ਕੰਟਰੋਲ ਗੁਆ ਬੈਠੀ ਤੇ ਸਿੱਧਾ ਡਿਵਾਈਡਰ ਨਾਲ ਟਕਰਾ ਗਈ ਤੇ ਉਲਟ ਦਿਸ਼ਾ ਤੋਂ ਆ ਰਹੀ ਇੱਕ ਹੋਰ ਕਾਰ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੂਜੀ ਕਾਰ ਪਲਟ ਗਈ। ਹਾਦਸੇ ਤੋਂ ਬਾਅਦ ਘਟਨਾ ਵਾਲੀ ਥਾਂ 'ਤੇ ਹਫੜਾ-ਦਫੜੀ ਮਚ ਗਈ। ਸੂਚਨਾ ਮਿਲਣ 'ਤੇ, ਪੁਲਿਸ ਅਤੇ ਸਥਾਨਕ ਪਿੰਡ ਵਾਸੀ ਮੌਕੇ 'ਤੇ ਪਹੁੰਚੇ। ਸਾਰੇ ਜ਼ਖ਼ਮੀਆਂ ਨੂੰ ਕਾਰ ਤੋਂ ਬਾਹਰ ਕੱਢਿਆ ਗਿਆ ਅਤੇ ਇਲਾਜ ਲਈ ਐਸਐਨ ਮੈਡੀਕਲ ਕਾਲਜ ਭੇਜਿਆ ਗਿਆ। ਇਹ ਹਾਦਸਾ ਸਾਈਂ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਵਾਪਰਿਆ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਡੇਰਾਬਸੀ: ਘੋਲੂਮਾਜਰਾ ਵਿਖੇ ਭਤੀਜੇ ਨੇ ਚਾਚੇ ਨੂੰ ਮਾਰੀ ਗੋਲੀ, ਹਸਪਤਾਲ 'ਚ ਦਾਖਲ, ਚੱਲ ਰਿਹਾ ਇਲਾਜ



**ਡੇਰਾਬੱਸੀ:** ਲਾਲੜੂ ਨੇੜਲੇ ਪਿੰਡ ਘੋਲੂਮਾਜਰਾ ਵਿੱਚ ਬੁੱਧਵਾਰ ਸ਼ਾਮ ਇੱਕ ਦਿਲ ਦਹਲਾ ਦੇਣ ਵਾਲੀ ਘਟਨਾ ਸਾਹਮਣੇ ਆਈ, ਜਿੱਥੇ ਜਾਇਦਾਦੀ ਵਿਵਾਦ ਨੂੰ ਲੈ ਕੇ ਇੱਕ ਭਤੀਜੇ ਨੇ ਆਪਣੇ ਹੀ ਚਾਚੇ ਨੂੰ ਗੋਲੀ ਮਾਰ ਦਿੱਤੀ। ਜ਼ਖਮੀ ਦੀ ਪਛਾਣ ਰਾਹੁਲ ਮਲਿਕ (45) ਵਜੋਂ ਹੋਈ ਹੈ, ਜੋ ਐੱਸ.ਬੀ.ਪੀ. ਡੇਰਾਬੱਸੀ ਦਾ ਰਹਿਣ ਵਾਲਾ ਅਤੇ ਪ੍ਰਾਪਰਟੀ ਦੇ ਕਾਰੋਬਾਰ ਨਾਲ ਸੰਬੰਧਿਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਸ਼ਾਮ ਕਰੀਬ 7:45 ਵਜੇ ਘੋਲੂਮਾਜਰਾ ਸਥਿਤ ਜੈ ਅੰਬੇ ਪਲਾਈਵੁੱਡ ਹਾਰਡਵੇਅਰ ਐਂਡ ਕਨਸਟਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਦਫ਼ਤਰ ਵਿੱਚ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਰਾਹੁਲ ਮਲਿਕ ਅਤੇ ਉਸ ਦੇ ਭਤੀਜੇ ਸਾਹਿਲ ਵਿਚਕਾਰ ਚੱਲ ਰਹੇ ਜਾਇਦਾਦੀ ਵਿਵਾਦ ਨੂੰ ਲੈ ਕੇ ਤਕਰਾਰ ਹੋ ਗਈ। ਤਕਰਾਰ ਦੌਰਾਨ ਸਾਹਿਲ ਨੇ ਕਥਿਤ ਤੌਰ 'ਤੇ ਪਿਸਤੌਲ ਕੱਢ ਕੇ ਰਾਹੁਲ ਮਲਿਕ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਪਰਿਵਾਰਕ ਮੈਂਬਰਾਂ ਦੇ ਅਨੁਸਾਰ ਘਟਨਾ ਤੋਂ ਬਾਅਦ ਮੁਲਜ਼ਮ ਸਾਹਿਲ ਮੌਕੇ ਤੋਂ ਫਰਾਰ ਹੋ ਗਿਆ। ਉਸ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਲੱਗ ਸਕਿਆ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਪਰਿਵਾਰ ਮੂਲ ਰੂਪ ਵਿੱਚ ਹਰਿਆਣਾ ਦੇ ਪਾਣੀਪਤ ਦਾ ਰਹਿਣ ਵਾਲਾ ਹੈ। ਸੂਤਰਾਂ ਮੁਤਾਬਕ ਮੁਲਜ਼ਮ ਘਟਨਾ ਸਥਾਨ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦਾ ਡੀਵੀਆਰ ਵੀ ਆਪਣੇ ਨਾਲ ਲੈ ਗਏ, ਜਿਸ ਕਾਰਨ ਪੁਲਿਸ ਜਾਂਚ ਨੂੰ ਹੋਰ ਗੰਭੀਰਤਾ ਨਾਲ ਅੱਗੇ ਵਧਾ ਰਹੀ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਡੇਰਾਬੱਸੀ ਅਤੇ ਲਾਲੜੂ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਵੱਲੋਂ ਫਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਸਨਸਨੀਖੇਜ਼ ਕਤਲ ਤੋਂ ਬਾਅਦ ਘੋਲੂਮਾਜਰਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਗੁਰੂ ਰੰਧਾਵਾ ਜਿੰਮ ਫਾਇਰਿੰਗ ਮਾਮਲੇ 'ਚ ਦੋ ਸ਼ੱਕੀ ਸ਼ੂਟਰ ਗ੍ਰਿਫ਼ਤਾਰ

**ਦਿੱਲੀ।** ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਪੱਛਮੀ ਵਿਹਾਰ ਵਿੱਚ ਪੰਜਾਬੀ ਗਾਇਕ ਗੁਰੂ ਰੰਧਾਵਾ ਦੇ ਫਿਟਨੈਸ ਜਿੰਮ ਵਿੱਚ ਹੋਈ ਗੋਲੀਬਾਰੀ ਦੀ ਘਟਨਾ ਮਾਮਲੇ ਵਿੱਚ ਦੋ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਸ਼ੱਕੀਆਂ ਦੀ ਪਛਾਣ ਅਰਮਾਨ ਅਤੇ ਤੁਸ਼ਾਰ ਉਰਫ਼ ਤਾਸ਼ੂ ਉਰਫ਼ ਪਿੰਕੂ ਵਜੋਂ ਹੋਈ ਹੈ । ਦਿੱਲੀ ਪੁਲਿਸ ਨੇ ਦੋਵਾਂ ਨੂੰ ਹਰਿਆਣਾ ਦੇ ਬਹਾਦਰਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਅਨੁਸਾਰ ਦੋਵੇਂ ਸ਼ੱਕੀ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਅਨਿਲ ਪੰਡਿਤ ਲਈ ਕੰਮ ਕਰਦੇ ਸਨ। ਪੰਡਿਤ ਇਸ ਸਮੇਂ ਅਮਰੀਕਾ ਤੋਂ ਇਸ ਗੈਂਗ ਨੂੰ ਚਲਾ ਰਿਹਾ ਹੈ। 11 ਜੂਨ ਨੂੰ ਸਵੇਰੇ 4 ਵਜੇ ਦੇ ਕਰੀਬ ਬਾਈਕ ਸਵਾਰ ਹਮਲਾਵਰਾਂ ਨੇ ਜਿੰਮ ਦੇ ਬਾਹਰ ਗੋਲੀਬਾਰੀ ਕੀਤੀ ਸੀ । ਪਰ ਇਸ ਘਟਨਾ 'ਚ ਕੋਈ ਵੀ ਜ਼ਖਮੀ ਨਹੀਂ ਹੋਇਆ। ਪੁਲਿਸ ਨੇ ਮੌਕੇ ਤੋਂ ਸੱਤ ਖਾਲੀ ਕਾਰਤੂਸ ਬਰਾਮਦ ਕੀਤੇ ਸਨ। ਗੋਲੀਬਾਰੀ ਤੋਂ ਬਾਅਦ ਅਨਿਲ ਪੰਡਿਤ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਪੋਸਟ ਵਿੱਚ ਹਮਲੇ ਦੀ ਜ਼ਿੰਮੇਵਾਰੀ ਲਈ ਸੀ।

# ਲੁਧਿਆਣਾ ਦੇ ਡੀ ਸੀ ਅਤੇ ਨਗਰ ਨਿਗਮ ਦਫ਼ਤਰ ਨੂੰ ਮਿਲੀ 'ਮਨੁੱਖੀ ਬੰਬ' ਦੀ ਧਮਕੀ

**ਲੁਧਿਆਣਾ।** ਜਾਣਕਾਰੀ ਰਜੇਸ਼ ਕੁਮਾਰ ਨੂੰ ਮਿਲੀ, ਉਹ ਥਾਣਾ ਸਿਟੀ ਦੀ ਟੀਮ ਲੈ ਕੇ ਮਹਿਲਾ ਕਾਂਸਟੇਬਲਾਂ ਦੀ ਮੌਜੂਦਗੀ ਵਿੱਚ ਮੁਰਾਦਪੁਰ ਰੇਡ ਕਰਦੇ ਹਨ ਅਤੇ ਉਸ ਦੀ ਪਤਨੀ ਸਿਮਰ ਕੋਲੋਂ ਬੱਚੀ ਨੂੰ ਰੈਸਕਿਊ ਕਰਕੇ ਬਾਲ ਭਲਾਈ ਕਮੇਟੀ ਸਾਹਮਣੇ ਪੇਸ਼ ਕਰਕੇ ਪਰਿਵਾਰ ਨੂੰ ਥਾਣੇ ਬੁਲਾਇਆ ਗਿਆ। ਇਸ ਸਬੰਧੀ ਕਾਰਵਾਈ ਅਮਲ ਦੇ ਵਿੱਚ ਲਿਆਂਦੇ ਹੋਏ ਬੱਚੀ ਨੂੰ ਦਾਦੀ ਦੇ ਹਵਾਲੇ ਕਰ ਦਿੱਤਾ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਦਾ ਕਹਿਣਾ ਹੈ ਕਿ ਬੱਚੀ ਦਾ ਪਿਤਾ ਨਸ਼ੇ ਦਾ ਆਦੀ ਹੈ ਅਤੇ ਉਹ ਨਸ਼ਾ ਛੁਡਾਊ ਕੇਂਦਰ ਵਿੱਚ ਇਲਾਜ ਲਈ ਜਾਂਦਾ ਹੈ ਤੇ ਉਸ ਦੀ ਪਤਨੀ ਦੇ ਕੋਲ ਉਸ ਦੀ ਬੱਚੀ ਸੁਰੱਖਿਅਤ ਨਹੀਂ ਹੈ, ਕਿਉਂਕਿ ਉਸ ਨੇ ਉਸ ਦੀ ਕੁੱਟਮਾਰ ਕੀਤੀ ਹੈ। ਇਸ ਕਾਰਨ ਉਸ ਦੀ ਕਸਟਡੀ ਦਾਦੀ ਨੂੰ ਦੇ ਕੇ ਦਾਦੀ ਨੂੰ ਸਪਾਂਸਰਸ਼ਿਪ ਦੀ ਰਕਮ 4000 ਮਹੀਨਾ ਦਿੱਤਾ ਜਾਏਗੀ, ਤਾਂ ਜੋ ਬੱਚੀ ਦਾ ਪਾਲਣ ਪੋਸ਼ਣ ਕਰ ਸਕਣ। ਜੇਕਰ ਮਾਂ ਜਾਂ ਪਿਤਾ ਬੱਚੀ ਨੂੰ ਮਿਲਣਾ ਚਾਹੁੰਦੇ ਹਨ ਤੇ ਉਹ ਮਿਲ



ਸਕਦੇ ਹਨ। ਲੇਕਿਨ ਲਿਵਿੰਗ ਰਿਲੇਸ਼ਨਸ਼ਿਪ ਦੇ ਵਿੱਚ ਰਹਿਣ ਕਾਰਨ ਇਸ ਰਿਸ਼ਤੇ ਨੂੰ ਮਾਨਤਾ ਨਹੀਂ ਮਿਲਦੀ ਅਤੇ ਬੱਚੇ ਨੂੰ ਇਹਨਾਂ ਦੇ ਕੋਲ ਛੱਡਣਾ ਵੀ ਸੁਰੱਖਿਅਤ ਨਹੀਂ ਹੈ। ਜੇਕਰ ਇਹ ਜੋੜਾ ਆਪਸੀ ਰਜ਼ਾਮੰਦੀ ਨਾਲ ਆਪਣੇ ਆਪ ਨੂੰ ਨਸ਼ੇ ਦੀ ਚਪੇਟ ਵਿੱਚੋਂ ਬਾਹਰ ਕੱਢ ਕੇ ਵਿਆਹ ਕਰਵਾਉਂਦੇ ਹਨ ਤੇ ਮੁੜ ਬੱਚੀ ਦੇ ਪੁਨਰਵਾਸ ਉੱਪਰ ਵਿਚਾਰ ਕੀਤਾ ਜਾ ਸਕਦਾ ਹੈ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਬੀਐਲਓ ਕੰਮ ਵਿੱਚ ਲੱਗੇ ਅਧਿਆਪਕਾਂ ਦੇ ਤਬਾਦਲਿਆਂ 'ਤੇ ਰੋਕ ਲਗਾਉਣਾ ਸਰਕਾਰੀ ਤਾਨਾਸ਼ਾਹੀ-ਜੀ.ਟੀ.ਯੂ. ਪੰਜਾਬ

**ਕਪੂਰਥਲਾ, 17 ਜੂਨ ( ਕੌੜਾ )** – ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾਈ ਆਗੂ ਰਛਪਾਲ ਸਿੰਘ ਵੜੈਚ, ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ, ਗੁਰਮੇਜ ਸਿੰਘ ਤਲਵੰਡੀ ਚੌਧਰੀਆਂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਜਾਰੀ ਪੱਤਰ ਨੰਬਰ ਸੀਈਓ/ਐੱਸਆਈਆਰ-2026/ਪੀ-5839 ਮਿਤੀ 16 ਜੂਨ 2026 ਅਨੁਸਾਰ ਐੱਸਆਈਆਰ-2026 ਦੌਰਾਨ ਨਿਯੁਕਤ ਬੀਐਲਓ ਅਤੇ ਸੁਪਰਵਾਈਜ਼ਰਾਂ ਦੇ ਤਬਾਦਲਿਆਂ 'ਤੇ 1 ਅਕਤੂਬਰ 2026 ਤੱਕ ਰੋਕ ਲਗਾ ਦਿੱਤੀ ਗਈ ਹੈ। ਜੋ ਸਰਕਾਰ ਅਤੇ ਚੋਣ ਕਮਿਸ਼ਨ ਦੀ ਤਾਨਾਸ਼ਾਹੀ ਹੈ ਕਿਉਂਕਿ ਲੰਬੇ ਸਮੇਂ ਤੋਂ ਆਪਣੇ ਘਰਾਂ ਤੋਂ ਦੂਰ ਬੈਠੇ ਅਧਿਆਪਕਾਂ ਨੂੰ ਇਸ ਤਬਾਦਲੇ ਦਾ ਇੰਤਜ਼ਾਰ ਹੁੰਦਾ ਹੈ ਇੱਕ ਪਾਸੇ ਨਾਲੇ ਤਾਂ ਚੋਣ ਕਮਿਸ਼ਨ ਅਧਿਆਪਕਾਂ ਤੋਂ ਚੋਣਾਂ ਦਾ ਕੰਮ ਲੈ ਰਿਹਾ ਹੈ ਅਤੇ ਦੂਜੇ ਪਾਸੇ ਚੋਣਾਂ ਦੇ ਕੰਮ ਦੇ ਇਵਜ ਵਿੱਚ ਉਹਨਾਂ ਨੂੰ ਬਦਲੀਆਂ ਤੇ ਰੋਕ ਲਾ ਕੇ ਸਜ਼ਾ ਦੇ ਰਿਹਾ ਜਿਸ ਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਅਧਿਆਪਕਾਂ ਦੀਆਂ ਬਦਲੀਆਂ ਤੈਅ ਸਮੇਂ ਤੇ ਕੀਤੀਆਂ ਜਾਣ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਤੀਰਥ ਸਿੰਘ ਬਾਸੀ, ਕੁਲਦੀਪ ਪੁਰੋਵਾਲ, ਗੁਰਪ੍ਰੀਤ ਅਮੀਵਾਲ, ਗੁਰਦੀਪ ਬਾਜਵਾ, ਹਰਿੰਦਰ ਮੱਲੀਆਂ ਤੇ ਰਛਪਾਲ ਵੜੈਚ ਨੇ ਕਿਹਾ ਕਿ ਅਧਿਆਪਕਾਂ ਦੀ ਤਬਾਦਲਾ ਪ੍ਰਕਿਰਿਆ ਪਹਿਲਾਂ ਹੀ ਵੱਖ-ਵੱਖ ਤਕਨੀਕੀ ਖਾਮੀਆਂ, ਸਟੇ ਸਬੰਧੀ





ਮਾਮਲਿਆਂ, ਗਲਤ ਡਾਟਾ ਅਪਲੋਡ ਹੋਣ ਅਤੇ ਤਬਾਦਲਾ ਪੋਰਟਲ ਨਾਲ ਜੁੜੀਆਂ ਸਮੱਸਿਆਵਾਂ ਕਾਰਨ ਵਿਵਾਦਾਂ ਵਿੱਚ ਘਿਰੀ ਹੋਈ ਹੈ। ਅਜਿਹੇ ਸਮੇਂ ਵਿੱਚ ਚੋਣ ਕਮਿਸ਼ਨ ਦੇ ਇਸ ਨਵੇਂ ਹੁਕਮ ਨੇ ਪੂਰੀ ਪ੍ਰਕਿਰਿਆ ਨੂੰ ਲੈ ਕੇ ਹੋਰ ਵੀ ਭੰਬਲਭੂਸੇ ਅਤੇ ਅਸਮੰਜਸ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੇ ਪੱਤਰ ਵਿੱਚ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ 8 ਜੂਨ 2026 ਤੱਕ ਨਿਯੁਕਤ ਬੀਐਲਓਜ਼ ਦੀ ਸੂਚੀ ਕਮਿਸ਼ਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਉਨ੍ਹਾਂ ਦੇ ਨਾਮ ਗਿਣਤੀ ਪ੍ਰੋਫਾਰਮਿਆਂ 'ਤੇ ਪਹਿਲਾਂ ਹੀ ਛਪ ਚੁੱਕੇ ਹਨ। ਇਸ ਲਈ ਕਮਿਸ਼ਨ ਦੀ ਪਹਿਲਾਂ ਤੋਂ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਬੀਐਲਓ ਨੂੰ ਉਸਦੇ ਮੌਜੂਦਾ ਕਾਰਜ ਸਥਾਨ ਤੋਂ ਤਬਦੀਲ ਨਹੀਂ ਕੀਤਾ ਜਾ ਸਕਦਾ। ਨਾਲ ਹੀ, ਜੇਕਰ ਕਿਸੇ ਬੀਐਲਓ ਦਾ ਤਬਾਦਲਾ ਸੂਚੀ ਅੰਤਿਮ ਰੂਪ ਵਿੱਚ ਤੈਅ ਹੋਣ ਤੋਂ ਬਾਅਦ ਕੀਤਾ ਗਿਆ ਹੈ ਤਾਂ ਉਸਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ। ਯੂਨੀਅਨ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਨੂੰ ਤੁਰੰਤ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਬੀਐਲਓ ਡਿਊਟੀ ਨਿਭਾ ਰਹੇ ਅਧਿਆਪਕਾਂ ਦੇ ਤਬਾਦਲਿਆਂ ਸਬੰਧੀ ਕੀ ਨੀਤੀ ਅਪਣਾਈ ਜਾਵੇਗੀ। ਜੇਕਰ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਕਾਰਨ ਅਜਿਹੇ ਅਧਿਆਪਕਾਂ ਦੇ ਤਬਾਦਲਿਆਂ 'ਤੇ ਰੋਕ ਲਗਣੀ ਹੈ ਤਾਂ ਇਸ ਸਬੰਧੀ ਜਾਣਕਾਰੀ ਪਹਿਲਾਂ ਹੀ ਜਨਤਕ ਕੀਤੀ ਜਾਣੀ ਚਾਹੀਦੀ ਸੀ, ਤਾਂ ਜੋ ਅਧਿਆਪਕ ਬੇਲੋੜੀ ਪ੍ਰੇਸ਼ਾਨੀ ਅਤੇ ਮਾਨਸਿਕ ਤਣਾਅ ਦਾ ਸ਼ਿਕਾਰ ਨਾ ਹੁੰਦੇ।ਯੂਨੀਅਨ ਨੇ ਸਰਕਾਰ ਅਤੇ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਹੈ ਕਿ ਤਬਾਦਲਾ ਪ੍ਰਕਿਰਿਆ ਨਾਲ ਜੁੜੇ ਸਾਰੇ ਵਿਵਾਦਾਂ, ਤਕਨੀਕੀ ਸਮੱਸਿਆਵਾਂ ਅਤੇ ਹੋਰ ਲੰਬਿਤ ਮਾਮਲਿਆਂ ਦਾ ਜਲਦ ਹੱਲ ਕੀਤਾ ਜਾਵੇ ਅਤੇ ਅਧਿਆਪਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਦਰਸ਼ੀ, ਸਪੱਸ਼ਟ ਅਤੇ ਇਕਸਾਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ, ਤਾਂ ਜੋ ਪੂਰੀ ਪ੍ਰਕਿਰਿਆ ਨਿਰਪੱਖ, ਪਾਰਦਰਸ਼ੀ ਅਤੇ ਵਿਵਾਦ ਰਹਿਤ ਢੰਗ ਨਾਲ ਮੁਕੰਮਲ ਹੋ ਸਕੇ।

# ਬਾਲ ਸੁਧਾਰ ਘਰ ਫਰੀਦਕੋਟ ਵਿਖੇ ਨਸ਼ਾ ਮੁਕਤੀ ਸੈਮੀਨਾਰ ਦਾ ਆਯੋਜਨ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਦਿੱਤਾ ਸੰਦੇਸ਼

**ਫਰੀਦਕੋਟ, 17 ਜੂਨ 2026**
ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਸਮਾਜ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਬਾਲ ਸੁਧਾਰ ਘਰ ਫਰੀਦਕੋਟ ਵਿਖੇ ਇੱਕ ਵਿਸ਼ੇਸ਼ ਨਸ਼ਾ ਮੁਕਤੀ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਹ ਸੈਮੀਨਾਰ ਸਿਵਲ ਸਰਜਨ ਫਰੀਦਕੋਟ ਡਾ. ਰਮਨਦੀਪ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਸ਼ਵਦੀਪ ਗੋਇਲ ਦੀ ਅਗਵਾਈ ਅਤੇ ਸੀਨੀਅਰ ਮੈਡੀਕਲ ਅਫਸਰ ਐਸ.ਡੀ.ਐਚ. ਕੋਟਕਪੂਰਾ ਡਾ. ਹਰਿੰਦਰ ਗਾਂਧੀ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਇਸ ਮੌਕੇ ਸਿਵਲ ਹਸਪਤਾਲ ਕੋਟਕਪੂਰਾ ਦੇ ਕਾਊਂਸਲਰ ਖੁਸ਼ਦੀਪ ਸਿੰਘ ਨੇ ਮੁੱਖ ਵਕਤਾ ਵਜੋਂ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਨਸ਼ਿਆਂ ਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਨੁਕਸਾਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ਾ ਨਾ ਸਿਰਫ਼ ਵਿਅਕਤੀ ਦੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਪਰਿਵਾਰਕ ਰਿਸ਼ਤਿਆਂ, ਸਮਾਜਿਕ ਸਨਮਾਨ ਅਤੇ ਭਵਿੱਖ ਨੂੰ ਵੀ ਖਤਰੇ ਵਿੱਚ ਪਾ ਦਿੰਦਾ ਹੈ। ਉਨ੍ਹਾਂ



ਨੌਜਵਾਨਾਂ ਨੂੰ ਸਿੱਖਿਆ, ਖੇਡਾਂ, ਰਚਨਾਤਮਕ ਗਤੀਵਿਧੀਆਂ ਅਤੇ ਸਮਾਜ ਸੇਵਾ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਕਾਰਾਤਮਕ ਸੋਚ ਅਤੇ ਸਹੀ ਮਾਰਗਦਰਸ਼ਨ ਨਾਲ ਜੀਵਨ ਵਿੱਚ ਵੱਡੀਆਂ ਉਪਲਬਧੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਨਸ਼ਾ ਛੱਡਣ ਦੇ ਇੱਛੁਕ ਵਿਅਕਤੀਆਂ ਲਈ ਮੁਫ਼ਤ ਕੌਂਸਲਿੰਗ, ਇਲਾਜ ਅਤੇ ਪੁਨ-ਰਵਾਸ ਸੇਵਾਵਾਂ ਉਪਲਬਧ ਹਨ।

ਸੈਮੀਨਾਰ ਦੌਰਾਨ ਬਾਲ ਸੁਧਾਰ ਘਰ ਵਿੱਚ ਰਹਿ ਰਹੇ ਬੱਚਿਆਂ ਅਤੇ ਕਿਸ਼ੋਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਸਿਹਤ ਸਬੰਧੀ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਗਿਆ। ਮਾਹਿਰਾਂ ਵੱਲੋਂ ਉਨ੍ਹਾਂ ਨੂੰ ਸਕਾਰਾਤਮਕ ਜੀਵਨ ਜਿਊਣ, ਆਤਮ-ਵਿਸ਼ਵਾਸ ਵਧਾਉਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਬਾਲ ਸੁਧਾਰ ਘਰ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਬਾਲ ਕੈਦੀਆਂ ਨੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਮਿਲ ਕੇ ਕੰਮ ਕਰਨ ਦਾ ਸੰਕਲਪ ਲਿਆ। ਸਿਹਤ ਵਿਭਾਗ ਦੀ ਟੀਮ ਵੱਲੋਂ ਹਾਜ਼ਰੀਨ ਨੂੰ ਨਸ਼ਾ ਮੁਕਤੀ ਸੇਵਾਵਾਂ ਅਤੇ ਸਿਹਤ ਸਹੂਲਤਾਂ ਸਬੰਧੀ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ।

ਅੰਤ ਵਿੱਚ ਆਯੋਜਕਾਂ ਵੱਲੋਂ ਸਾਰੇ ਮਹਿਮਾਨਾਂ, ਅਧਿਕਾਰੀਆਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਮਾਜ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਦੀ ਇਸ ਲਹਿਰ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਗਿਆ।

ਨਸ਼ਾ ਛੱਡੋ - ਸਿਹਤਮੰਦ ਅਤੇ ਰੌਸ਼ਨ ਭਵਿੱਖ ਅਪਣਾਓ।

**ਜਾਰੀ ਕਰਤਾ: ਮਾਸ ਮੀਡੀਆ ਵਿੰਗ ਸਿਹਤ ਵਿਭਾਗ ਫਰੀਦਕੋਟ**

# ਬੇਲਫਾਸਟ ਹਿੰਸਾ ਤੋਂ ਬਾਅਦ ਭਾਰਤੀ ਮਹਿਲਾਵਾਂ ਨੇ ਸ਼ਹਿਰ ਛੱਡਣ ਦਾ ਬਣਾਇਆ ਮਨ

**ਲੈਸਟਰ (ਇੰਗਲੈਂਡ), 17 ਜੂਨ (ਸੁਖਜਿੰਦਰ ਸਿੰਘ ਢੱਡੇ)–** ਉੱਤਰੀ ਆਇਰਲੈਂਡ ਦੇ ਬੇਲਫਾਸਟ ਵਿੱਚ ਹਾਲੀਆ ਹਿੰਸਕ ਘਟਨਾਵਾਂ ਦੌਰਾਨ ਆਪਣੇ ਘਰ ਨੂੰ ਅੱਗ ਲੱਗਣ ਕਾਰਨ ਬੇਘਰ ਹੋਈਆਂ ਦੋ ਭਾਰਤੀ ਮਹਿਲਾਵਾਂ ਨੇ ਕਿਹਾ ਹੈ ਕਿ ਹੁਣ ਉਹ ਸ਼ਹਿਰ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ ਅਤੇ ਬੇਲਫਾਸਟ ਛੱਡਣ ਬਾਰੇ ਸੋਚ ਰਹੀਆਂ ਹਨ।

ਤੇਜਲ ਅਤੇ ਨਿਸ਼ਾਥ, ਜੋ ਡੋਨੇਗਾਲ ਰੋਡ ਸਥਿਤ ਸ਼ਾਮ ਸੁਪਰਮਾਰਕੀਟ ਦੇ ਉੱਪਰਲੇ ਫਲੈਟ ਵਿੱਚ ਰਹਿੰਦੀਆਂ ਸਨ, 9 ਜੂਨ ਨੂੰ ਉਸ ਵੇਲੇ ਘਰ ਅੰਦਰ ਮੌਜੂਦ ਸਨ ਜਦੋਂ ਨਕਾਬਪੋਸ਼ ਲੋਕਾਂ ਦੇ ਇੱਕ ਗਰੁੱਪ ਨੇ ਇਮਾਰਤ ਦੇ ਬਾਹਰ ਕੂੜਾਦਾਨ ਨੂੰ ਅੱਗ ਲਗਾ ਦਿੱਤੀ। ਅੱਗ ਕਾਰਨ ਉਨ੍ਹਾਂ ਦਾ ਘਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਉਨ੍ਹਾਂ ਦਾ ਸਾਰਾ ਸਮਾਨ ਧੂੰਏਂ ਨਾਲ ਪ੍ਰਭਾਵਿਤ ਹੋ ਗਿਆ।

ਨਿਸ਼ਾਥ ਨੇ ਦੱਸਿਆ ਕਿ ਉਹ ਪਿਛਲੇ ਛੇ ਸਾਲਾਂ ਤੋਂ ਬੇਲਫਾਸਟ ਵਿੱਚ ਰਹਿ ਰਹੀ ਹੈ ਅਤੇ ਇਸ



ਸ਼ਹਿਰ ਨੂੰ ਆਪਣਾ ਘਰ ਮੰਨਦੀ ਸੀ, ਪਰ ਇਸ ਘਟਨਾ ਤੋਂ ਬਾਅਦ ਉਹ ਘਰ ਦੇ ਨੇੜੇ ਦੁਕਾਨ ਤੱਕ ਜਾਣ ਤੋਂ ਵੀ ਡਰਦੀ ਹੈ। ਤੇਜਲ ਨੇ ਇਸ ਘਟਨਾ ਨੂੰ ਆਪਣੇ ਜੀਵਨ ਦੀਆਂ ਸਭ ਤੋਂ ਭਿਆਨਕ ਰਾਤਾਂ ਵਿੱਚੋਂ ਇੱਕ ਦੱਸਿਆ ਅਤੇ ਕਿਹਾ ਕਿ ਹੁਣ ਉਸ ਦਾ ਬੇਲਫਾਸਟ ਵਿੱਚ ਰਹਿਣ ਦਾ ਮਨ ਨਹੀਂ ਕਰਦਾ।

ਦੋਵਾਂ ਮਹਿਲਾਵਾਂ ਨੂੰ ਘਰ ਖਾਲੀ ਕਰਵਾਉਣ ਤੋਂ ਬਾਅਦ ਸਥਾਨਕ ਕਮਿਊਨਟੀ ਆਗੂ ਦੀ ਮਦਦ ਨਾਲ ਅਸਥਾਈ ਰਿਹਾਇਸ਼ ਦਿੱਤੀ ਗਈ। ਉਨ੍ਹਾਂ ਕਿਹਾ ਕਿ ਘਰ ਵਿੱਚ ਮੌਜੂਦ ਉਨ੍ਹਾਂ ਦੀਆਂ ਯਾਦਾਂ ਅਤੇ ਨਿੱਜੀ ਵਸਤਾਂ ਤਬਾਹ ਹੋ ਗਈਆਂ ਹਨ, ਜਿਸ ਕਾਰਨ ਉਹ ਗਹਿਰੇ ਸਦਮੇ ਵਿੱਚ ਹਨ।ਇਸ ਦੇ ਬਾਵਜੂਦ ਦੋਵਾਂ ਨੇ ਬੇਲਫਾਸਟ ਦੇ ਆਮ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਖਾਣ-ਪੀਣ ਅਤੇ ਹੋਰ ਜ਼ਰੂਰੀ ਸਾਮਾਨ ਮੁਹੱਈਆ ਕਰਵਾਇਆ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦੀਆਂ ਹਰਕਤਾਂ ਕਾਰਨ ਪੂਰੇ ਸ਼ਹਿਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡਾ. ਅੰਬੇਡਕਰ ਦੇ ਬੁੱਤ ਉਪਰ ਸ਼ੈੱਡ ਬਣਾਇਆ ਜਾਵੇ : ਢੋਸੀਵਾਲ


## ਨਗਰ ਕੌਂਸਲ ਤੁਰੰਤ ਧਿਆਨ ਦੇਵੇ

**ਸ੍ਰੀ ਮੁਕਤਸਰ ਸਾਹਿਬ (ਸ਼ਿਵਨਾਥ )** ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਨਗਰ ਕੌਂਸਲ ਦੀ ਹਦੂਦ ਅੰਦਰ ਡਾ. ਅੰਬੇਡਕਰ ਪਾਰਕ ਬਣਿਆ ਹੋਇਆ ਹੈ। ਪਾਰਕ ਅੰਦਰ ਦੇਸ਼ ਦੇ ਸੰਵਿਧਾਨ ਨਿਰਮਾਤਾ ਭਾਰਤ ਰਨਤ ਬਾਬਾ ਸਾਹਿਬ ਡਾ. ਭੀਮ ਰਾਓ ਅਬੰਡੇਕਰ ਦਾ ਬੁੱਤ ਲੱਗਿਆ ਹੋਇਆ ਹੈ। ਅੰਬੇਡਕਰ ਪਾਰਕ ਲਈ ਇਹ ਜਗ੍ਹਾ ਇਲਾਕੇ ਦੇ ਪ੍ਰਸਿੱਧ ਲੈਂਡਲਾਰਡ ਅਤੇ ਮਹਾਂਦਾਨੀ ਬਾਵਾ ਪਰਿਵਾਰ ਵੱਲੋਂ ਦਾਨ ਕੀਤੀ ਗਈ ਹੈ। ਪਾਰਕ ਦੀ ਸੇਵਾ ਸੰਭਾਲ ਅਤੇ ਦੇਖ ਰੇਖ ਦਾ ਕੰਮ ਪਿਛਲੇ ਲੰਮੇ ਸਮੇਂ ਤੋਂ ਦੇਸ਼ ਭਗਤ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਜੋਰਾ ਸਿੰਘ ਵੱਲੋਂ ਕਰਵਾਇਆ ਜਾ ਰਿਹਾ ਹੈ। ਅਜੇ ਕੁਝ ਮਹੀਨੇ ਪਹਿਲਾਂ ਹੀ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਵਰਕਿੰਗ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਕਰੀਬ ਸਵਾ ਦੋ ਲੱਖ ਰੁਪਏ ਦੀ ਰਾਸ਼ੀ ਖਰਚ ਕੇ ਪਾਰਕ ਦੇ ਸੁੰਦਰੀਕਰਨ ਦਾ ਕਾਰਜ ਕਰਵਾਇਆ ਗਿਆ ਹੈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਇਹ ਪਾਰਕ ਸਦਾ ਹੀ ਜਿਲ੍ਹਾ ਪ੍ਰਸ਼ਾਸ਼ਨ ਅਤੇ ਸਥਾਨਕ



ਨਗਰ ਕੌਂਸਲ ਦੀ ਬੇਰੁਖੀ ਦੀ ਸ਼ਿਕਾਰ ਰਿਹਾ ਹੈ। ਐਨਾ ਹੀ ਨਹੀਂ ਨਗਰ ਕੌਂਸਲ ਦੀ ਸੀਮਾ ਅੰਦਰ ਮੇਨ ਬੱਸ ਸਟੈਂਡ ਕੋਲ ਮਨਜੂਰ ਸ਼ੁਦਾ ਤੇ ਢਹਿ ਢੇਰੀ ਹੋ ਚੁੱਕੇ ਡਾ. ਅੰਬੇਡਕਰ ਚੌਂਕ ਨੂੰ ਪੁਨਰ ਸਥਾਪਤ ਕਰਨ ਲਈ ਡੀ.ਸੀ. ਜਾਂ ਕਾਰਜ ਸਾਧਕ ਅਫਸਰ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ ਹੈ। ਇਸ ਸਬੰਧੀ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਕਈ ਵਾਰ ਕਾਰਜ ਸਾਧਕ ਅਫਸਰ ਤੇ ਡਿਪਟੀ ਕਮਿਸ਼ਨਰ ਨੂੰ ਲਿਖਤੀ ਤੌਰ ’ਤੇ ਬੇਨਤੀ ਵੀ ਕੀਤੀ ਗਈ ਹੈ। ਅੱਜ ਇਥੇ ਉਕਤ ਜਾਣਕਾਰੀ ਦਿੰਦੇ ਹੋਏ ਮਿਸ਼ਨ ਪ੍ਰਧਾਨ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਉਕਤ ਡਾ. ਅੰਬੇਡਕਰ ਪਾਰਕ ਵਿੱਚ ਬਣੇ ਡਾ. ਅੰਬੇਡਕਰ ਦੇ ਬੁੱਤ ਉਪਰ ਕੋਈ ਸ਼ੈੱਡ ਨਹੀਂ ਬਣਿਆ ਹੋਇਆ ਹੈ। ਧੁੱਪ, ਸਰਦੀ, ਮੀਂਹ ਅਤੇ ਹਨੇਰੀ ਵਿੱਚ ਬੁੱਤ ਦੀ ਹਾਲਤ ਖਰਾਬ ਹੋ ਜਾਂਦੀ ਹੈ। ਕਈ ਵਾਰ ਬੁੱਤ ਉਪਰ ਬੈਠ ਕੇ ਪੰਛੀ ਵੀ ਗੰਦਗੀ ਪਾਉਂਦੇ ਹਨ। ਅਜਿਹਾ ਹੋਣ ਨਾਲ ਬੁੱਥ ਦੀ ਬੇਅਦਬੀ ਹੁੰਦੀ ਰਹਿੰਦੀ ਹੈ। ਸ੍ਰੀ ਢੋਸੀਵਾਲ ਨੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਐਮ.ਐੱਲ.ਏ., ਡਿਪਟੀ ਕਮਿ-ਸਨਰ ਅਤੇ ਕਾਰਜ ਸਾਧਕ ਅਫਸਰ ਤੋਂ ਮੰਗ ਕੀਤੀ ਹੈ ਕਿ ਡਾ. ਅੰਬੇਡਕਰ ਦੇ ਉਪਰੋਕਤ ਬੁੱਤ ਉਪਰ ਸ਼ੈੱਡ ਪਵਾਇਆ ਜਾਵੇ ਜਾਂ ਬੁੱਤ ਦੇ ਚਾਰ ਚੁਫੇਰੇ ਸ਼ੀਸ਼ੇ ਦਾ ਕਵਰ ਲਵਾਇਆ ਜਾਵੇ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਸਥਾਨਕ ਮੇਨ ਬੱਸ ਸਟੈਂਡ ਕੋਲ ਢਹਿ ਢੇਰੀ ਹੋ ਚੁੱਕੇ ਮਨਜੂਰ ਸ਼ੁਦਾ ਅੰਬੇਡਕਰ ਚੌਂਕ ਦਾ ਤੁਰੰਤ ਪੁਨਰ ਨਿਰਮਾਣ ਕਰਵਾਇਆ ਜਾਵੇ।

# ਕਾਠਗੜ੍ਹ ਹਸਪਤਾਲ 'ਚ ਚੋਰਾਂ ਦਾ ਕਹਿਰ: 12ਵੀਂ ਵਾਰ ਬਣਾਇਆ ਨਿਸ਼ਾਨਾ, ਪੱਖੇ ਤੇ ਟੁੱਲੂ ਪੰਪ ਚੋਰੀ, ਦੁਖੀ ਸਟਾਫ਼ ਨੇ ਹੱਥ ਖੜ੍ਹੇ ਕਰ ਨਵਾਂਸ਼ਹਿਰ ਸੀਨੀਅਰ ਅਫ਼ਸਰਾਂ ਕੋਲ ਕੀਤੀ ਅਪੀਲ







**ਨਵਾਂਸ਼ਹਿਰ /ਕਾਠਗੜ੍ਹ, 17 ਜੂਨ (ਜਤਿੰਦਰ ਪਾਲ ਸਿੰਘ ਕਲੇਰ )** : ਕਾਠਗੜ੍ਹ ਦੇ ਸਰਕਾਰੀ ਹਸਪਤਾਲ ਵਿੱਚ ਚੋਰਾਂ ਦੇ ਹੌਂਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਉਨ੍ਹਾਂ ਨੇ ਹਸਪਤਾਲ ਨੂੰ ਇੱਕ ਵਾਰ ਫਿਰ, ਸੰਭਵ ਤੌਰ 'ਤੇ 12ਵੀਂ ਵਾਰ, ਆਪਣੀ ਲੁੱਟ ਦਾ ਸ਼ਿਕਾਰ ਬਣਾ ਲਿਆ ਹੈ। ਲਗਾਤਾਰ ਹੋ ਰਹੀਆਂ ਚੋਰੀਆਂ ਕਾਰਨ ਹਸਪਤਾਲ ਦਾ ਸਟਾਫ਼ ਬੇਹੱਦ ਦੁਖੀ ਤੇ ਪਰੇਸ਼ਾਨ ਹੋ ਚੁੱਕਾ ਹੈ। ਤਾਜ਼ਾ ਘਟਨਾ ਦੌਰਾਨ ਚੋਰਾਂ ਨੇ ਹਸਪਤਾਲ ਵਿੱਚੋਂ ਤਿੰਨ ਪੱਖੇ ਅਤੇ ਪਾਣੀ ਵਾਲਾ ਟੁੱਲੂ ਪੰਪ ਵੀ ਸਾਫ਼ ਕਰ ਦਿੱਤਾ ਹੈ, ਜਿਸ ਕਾਰਨ ਉੱਥੇ ਰਹੀ-ਸਹੀ ਸਹੂਲਤ ਵੀ ਖ਼ਤਮ ਹੋ ਗਈ ਹੈ।ਸਥਾਨਕ ਹਾਲਾਤ ਮੁਤਾਬਕ ਚੋਰਾਂ ਨੇ ਹਸਪਤਾਲ ਵਿੱਚੋਂ ਟੂਟੀਆਂ ਤੋਂ ਲੈ ਕੇ ਕੋਈ ਵੀ ਕੀਮਤੀ ਚੀਜ਼ ਨਹੀਂ ਛੱਡੀ ਹੈ। ਹੁਣ ਹਸਪਤਾਲ ਦੀ ਸਿਰਫ਼ ਇੱਕ ਖਾਲੀ ਬਿਲਡਿੰਗ ਹੀ ਬਾਕੀ ਰਹਿ ਗਈ ਹੈ, ਜਿਸ ਨੂੰ ਚੋਰ ਚੁੱਕ ਕੇ ਨਹੀਂ ਲਿਜਾ ਸਕਦੇ, ਬਾਕੀ ਸਾਰਾ ਸਾਮਾਨ ਉਹ ਹੌਲੀ-ਹੌਲੀ ਕਰਕੇ ਸਮੇਟ ਚੁੱਕੇ ਹਨ। ਹਸਪਤਾਲ ਵਿੱਚ ਨਾ ਤਾਂ ਹੁਣ ਪੱਖੇ ਬਚੇ ਹਨ ਅਤੇ ਨਾ ਹੀ ਲਾਈਟ ਜਾਂ ਪਾਣੀ ਦਾ ਕੋਈ ਢੁਕਵਾਂ ਪ੍ਰਬੰਧ ਰਹਿ ਗਿਆ ਹੈ।

ਇਸ ਬਦਤਰ ਹੋ ਚੁੱਕੇ ਮਾਹੌਲ ਅਤੇ ਸਹੂਲਤਾਂ ਦੀ ਘਾਟ ਕਾਰਨ ਹਸਪਤਾਲ ਵਿੱਚ ਤਾਇਨਾਤ ਹੋਇਆ ਨਵਾਂ ਸਟਾਫ਼ ਪੂਰੀ ਤਰ੍ਹਾਂ ਬੇਵੱਸ ਹੋ ਗਿਆ ਹੈ। ਡਿਊਟੀ ਕਰਨੀ ਨਾਮੁਮਕਿਨ ਹੁੰਦੀ ਦੇਖ, ਨਵੇਂ ਆਏ ਸਟਾਫ਼ ਨੇ ਆਖ਼ਰਕਾਰ ਹੱਥ ਖੜ੍ਹੇ ਕਰ ਦਿੱਤੇ ਹਨ ਅਤੇ ਉਹ ਆਪਣੀ ਫ਼ਰਿਆਦ ਲੈ ਕੇ ਨਵਾਂਸ਼ਹਿਰ ਵਿਖੇ ਆਪਣੇ ਸੀਨੀਅਰ ਅਫ਼ਸਰਾਂ ਕੋਲ ਪਹੁੰਚ ਗਏ ਹਨ। ਸਟਾਫ਼ ਦਾ ਕਹਿਣਾ ਹੈ ਕਿ ਬਿਨਾਂ ਪੱਖਿਆਂ, ਪਾਣੀ ਅਤੇ ਬਿਜਲੀ ਦੇ ਪ੍ਰਬੰਧਾਂ ਤੋਂ ਅਜਿਹੇ ਅਸੁਰੱਖਿਅਤ ਮਾਹੌਲ ਵਿੱਚ ਡਿਊਟੀ ਕਰਨਾ ਉਨ੍ਹਾਂ ਦੇ ਵੱਸ ਤੋਂ ਬਾਹਰ ਹੈ। ਇਸ 12ਵੀਂ ਚੋਰੀ ਤੋਂ ਬਾਅਦ ਹੁਣ ਹਸਪਤਾਲ ਵਿੱਚ ਅਜਿਹੀ ਕੋਈ ਚੀਜ਼ ਬਾਕੀ ਨਹੀਂ ਬਚੀ, ਜਿਸ ਨੂੰ ਚੋਰ ਨਿਸ਼ਾਨਾ ਬਣਾ ਸਕਣ। ਸਥਾਨਕ ਲੋਕਾਂ ਅਤੇ ਸਟਾਫ਼ ਵੱਲੋਂ ਹੁਣ ਪ੍ਰਸ਼ਾਸਨ ਕੋਲੋਂ ਸਖ਼ਤ ਕਾਰਵਾਈ ਅਤੇ ਸੁਰੱਖਿਆ ਦੀ ਮੰਗ ਕੀਤੀ ਜਾ ਰਹੀ ਹੈ।

# ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜੁਝਾਰ ਸਿੰਘ ਸੇਠੀ ਦੀ ਮਾਤਾ ਦਾ ਅੰਤਿਮ ਸੰਸਕਾਰ, ਨਮ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ

**ਨਵਾਂਸ਼ਹਿਰ /ਕਾਠਗੜ੍ਹ 17 ਜੂਨ (ਜਤਿੰਦਰ ਪਾਲ ਸਿੰਘ ਕਲੇਰ ):** ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਰਦਾਰ ਜੁਝਾਰ ਸਿੰਘ ਸੇਠੀ ਦੀ ਸਤਿਕਾਰਯੋਗ ਮਾਤਾ ਬਲਵੀਰ ਕੌਰ (76), ਜੋ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ, ਬੀਤੀ ਰਾਤ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਅੱਜ ਪਿੰਡ ਭਰਥਲਾ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਪਹੁੰਚ ਕੇ ਦੁੱਖ ਦਾ ਪ੍ਰਗਟਾਵਾ ਕੀਤਾ ਸੰਸਕਾਰ ਸਮੇਂ ਮਾਹੌਲ ਗਮਗੀਨ ਰਿਹਾ ਅਤੇ ਹਾਜ਼ਰ ਲੋਕਾਂ ਨੇ ਨਮ ਅੱਖਾਂ ਨਾਲ ਵਿਛੜੀ ਰੂਹ ਨੂੰ ਅੰਤਿਮ ਵਿਦਾਇਗੀ ਦਿੱਤੀ। ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸਰਦਾਰ ਜੁਝਾਰ ਸਿੰਘ ਸੇਠੀ ਨੇ ਦਿਖਾਈ। ਇਸ ਮੌਕੇ ਸੀਨੀਅਰ ਅਕਾਲੀ ਆਗੂ ਅਸ਼ੋਕ ਕੁਮਾਰ ਨਾਨੋਵਾਲ,ਜੋਗਿੰਦਰ ਸਿੰਘ ਅਟਵਾਲ, ਤਰਲੋਚਨ ਸਿੰਘ ਰੱਕੜ,ਸਾਬਕਾ ਚੈਅਰਮੈਨ ਬਿਮਲ ਕੁਮਾਰ, ਰਾਣਾ ਰਣਦੀਪ ਸਿੰਘ,ਦਲਜੀਤ ਸਿੰਘ ਮਾਣੇਵਾਲ,ਨੰਬਰਦਾਰ ਭਗਤ ਸਿੰਘ, ਸੋਹਣ ਸਿੰਘ, ਚਰਨਜੀਤ ਸਿੰਘ ਕਿਸ਼ਨਪੁਰ,ਮੇਜਰ ਸਿੰਘ ਗਹੂੰਣ,ਗੁਰਵਿੰਦਰ ਸਿੰਘ ਮੱਲੀ,ਤੀਰਥ ਸਿੰਘ ਭਾਟੀਆ,ਬਗੀਚਾ ਸਿੰਘ ਰੱਕੜ, ਅਜਮੇਰ ਸਿੰਘ ਰੱਕੜਾਂ ਬੇਟ, ਜਗਜੀਤ ਸਿੰਘ ਗਿੱਲ, ਸੁਖਦੇਵ ਸਿੰਘ ਬਿੱਟੂ, ਕੇਵਲ ਸਿੰਘ ਸਹੋਤਾ, ਗੁਰਬਖਸ਼ ਸਿੰਘ ਸਹੋਤਾ,ਮਾਸਟਰ ਰਣਵੀਰ ਸਿੰਘ, ਗਗਨ ਰਾਣਾ,ਸੁਖਦੇਵ ਸਿੰਘ ਭਰਥਲਾ,ਸ਼ਾਮਿਲ ਸਨ।





# ਲੁਧਿਆਣਾ ਵਿੱਚ ਡਾ: ਕੋਟਨੀਸ ਸੈਂਟਰ ਵੱਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ 10-ਦਿਨਾਂ ਜਾਗਰੂਕਤਾ ਅਭਿਆਨ ਦੀ ਸ਼ੁਰੂਆਤ

## ਅੰਤਰਰਾਸ਼ਟਰੀ ਨਸ਼ਾ ਰੋਕੂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੋਧੀ ਦਿਵਸ ਦੇ ਸੰਬੰਧ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾ ਰਹੇ ਹਨ

***ਲੁਧਿਆਣਾ 17 ਜੂਨ (ਕਰਨੈਲ ਸਿੰਘ ਐੱਮ.ਏ.)—** ਸਲੇਮ ਟਾਬਰੀ ਸਥਿਤ ਮੋਹਰੀ ਸਮਾਜਿਕ ਸੰਸਥਾ 'ਡਾ: ਦੁਆਰਕਾ ਨਾਥ ਕੋਟਨੀਸ ਹੈਲਥ ਐਂਡ ਐਜੂਕੇਸ਼ਨ ਸੈਂਟਰ' ਵੱਲੋਂ ਅੱਜ ਤੋਂ ਨਸ਼ਾ ਮੁਕਤ ਸਮਾਜ ਦੀ ਉਸਾਰੀ ਲਈ ਇੱਕ ਵਿਆਪਕ ਜਾਗਰੂਕਤਾ ਅਭਿਆਨ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਅਭਿਆਨ 'ਅੰਤਰਰਾਸ਼ਟਰੀ ਨਸ਼ਾ ਰੋਕੂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੋਧੀ ਦਿਵਸ' ਦੇ ਸੰਬੰਧ ਵਿੱਚ 17 ਜੂਨ ਤੋਂ 26 ਜੂਨ 2026 ਤੱਕ ਚਲਾਇਆ ਜਾਵੇਗਾ।

ਇਸ ਸਾਲ ਦੇ ਅਭਿਆਨ ਦਾ ਮੁੱਖ ਵਿਸ਼ਾ *"ਨਸ਼ਾ ਮੁਕਤ ਭਾਰਤ ਅਭਿਆਨ - ਵਿਕਸਿਤ ਭਾਰਤ ਦੀ ਪਛਾਣ"* ਰੱਖਿਆ ਗਿਆ ਹੈ, ਜਿਸ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ੇ ਦੇ ਜਾਲ ਤੋਂ ਬਚਾ ਕੇ ਦੇਸ਼ ਦੇ ਵਿਕਾਸ ਵਿੱਚ ਉਨ੍ਹਾਂ ਦਾ ਯੋਗਦਾਨ ਯਕੀਨੀ ਬਣਾਉਣਾ ਹੈ। ਇਸ 10-ਦਿਨਾਂ ਅਭਿਆਨ ਦੇ ਤਹਿਤ ਸੰਸਥਾ ਦੀਆਂ ਦੋ ਮੁੱਖ ਪਰਿਯੋਜਨਾਵਾਂ — 'ਕਮਿਊਨਿਟੀ ਪੀਅਰ ਲੈਡ ਇੰਟਰਵੈਨਸ਼ਨ' ਅਤੇ 'ਆਊਟਰੀਚ ਐਂਡ ਡ੍ਰੌਪ-ਇਨ ਸੈਂਟਰ' ਸਰਗਰਮੀ ਨਾਲ ਹਿੱਸਾ ਲੈ ਰਹੀਆਂ ਹਨ, ਜੋ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ ਵੱਲੋਂ ਸਪਾਂਸਰਡ ਹਨ।

ਅਭਿਆਨ ਦੇ ਪਹਿਲੇ ਦਿਨ ਅੱਜ ਸੰਸਥਾ ਦੇ ਕੇਂਦਰ 'ਤੇ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ 'ਕਮਿਊਨਿਟੀ ਪੀਅਰ ਲੈਡ ਇੰਟਰਵੈਨਸ਼ਨ' ਪਰਿਯੋਜਨਾ ਵੱਲੋਂ ਕਿਸ਼ੋਰਾਂ ਨੂੰ ਜੀਵਨ ਵਿੱਚ ਕਦੇ ਵੀ ਨਸ਼ਾ ਨਾ ਕਰਨ ਦੀ ਪਵਿੱਤਰ ਸਹੁੰ ਚੁਕਾਈ ਗਈ। ਇਹ ਪੂਰਾ ਅਭਿਆਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ *ਐਸ. ਵਰਿੰਦਰ ਸਿੰਘ ਟਿਵਾਣਾ* ਦੇ ਦਿਸ਼ਾ-ਨਿਰਦੇਸ਼ਾਂ ਅਤੇ ਮਾਰਗਦਰਸ਼ਨ ਹੇਠ ਚਲਾਇਆ ਜਾ ਰਿਹਾ ਹੈ।





ਅਭਿਆਨ ਦੀ ਸ਼ੁਰੂਆਤ 'ਤੇ ਸੰਸਥਾ ਦੇ ਡਾਇਰੈਕਟਰ *ਡਾ: ਇੰਦਰਜੀਤ ਸਿੰਘ* ਨੇ ਕਿਹਾ ਕਿ "ਨਸ਼ਾ ਮੁਕਤ ਸਮਾਜ ਹੀ ਇੱਕ ਵਿਕਸਿਤ ਰਾਸ਼ਟਰ ਦੀ ਨੀਂਹ ਰੱਖ ਸਕਦਾ ਹੈ। ਸਾਡਾ ਟੀਚਾ ਲੁਧਿਆਣਾ ਅਤੇ ਇਸ ਦੇ ਆਸ-ਪਾਸ ਦੇ ਖੇਤਰਾਂ ਵਿੱਚ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ, ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨਾ ਹੈ, ਤਾਂ ਜੋ ਉਹ ਨਸ਼ੇ ਨੂੰ ਪੂਰੀ ਤਰ੍ਹਾਂ ਨਕਾਰ ਸਕਣ। ਜਦੋਂ ਤੱਕ ਦੇਸ਼ ਦਾ ਨੌਜਵਾਨ ਨਸ਼ਾ ਮੁਕਤ ਨਹੀਂ ਹੋਵੇਗਾ, ਉਦੋਂ ਤੱਕ ਅਸੀਂ ਵਿਕਸਿਤ ਭਾਰਤ ਦੀ ਕਲਪਨਾ ਨੂੰ ਪੂਰੀ ਤਰ੍ਹਾਂ ਸਾਕਾਰ ਨਹੀਂ ਕਰ ਸਕਦੇ।" ਇਸ ਅਭਿਆਨ ਨੂੰ ਜ਼ਮੀਨੀ ਪੱਧਰ 'ਤੇ ਸਫਲ ਬਣਾਉਣ ਵਿੱਚ ਸੰਸਥਾ ਦੀ ਸਮਰਪਿਤ ਟੀਮ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ ਜਿਸ ਵਿੱਚ ਪ੍ਰੋਗਰਾਮ ਦੇ ਪਹਿਲੇ ਦਿਨ ਖੇਤਰ ਕੋਆਰਡੀਨੇਟਰ *ਗਗਨਦੀਪ* ਅਤੇ ਕੇਂਦਰ ਇੰਚਾਰਜ *ਸੁਸ਼੍ਰੀ ਮਨੀਸ਼ਾ* ਦੀ ਅਗਵਾਈ ਹੇਠ ਟੀਮ ਨੇ ਜਾਗਰੂਕਤਾ ਗਤੀਵਿਧੀਆਂ ਦੀ ਰੂਪ-ਰੇਖਾ ਤਿਆਰ ਕੀਤੀ ਅਤੇ ਸੰਸਥਾ ਦੇ ਹੋਰ ਸਟਾਫ ਮੈਂਬਰਾਂ — ਰੀਤੂ, ਮਹੇਸ਼, ਮੀਨੂੰ, ਅਤੇ ਦਕਸ਼ ਸਮੇਤ ਪੂਰੀ ਟੀਮ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਲੋਕਾਂ ਨੂੰ ਨਸ਼ੇ ਵਿਰੁੱਧ ਇੱਕਜੁੱਟ ਹੋਣ ਦਾ ਸੰਕਲਪ ਦਿਵਾਇਆ।





ਅਭਿਆਨ ਦੌਰਾਨ ਸਲੇਮ ਟਾਬਰੀ ਅਤੇ ਲੁਧਿਆਣਾ ਦੇ ਵੱਖ-ਵੱਖ ਹਿੱਸਿਆਂ ਵਿੱਚ ਨੁੱਕੜ ਨਾਟਕ, ਸਲਾਹ ਸੈਸ਼ਨ, ਜਾਗਰੂਕਤਾ ਰੈਲੀਆਂ ਅਤੇ ਸੈਮੀਨਾਰ ਕਰਵਾਏ ਜਾਣਗੇ ਜਿੱਥੇ ਦੋਵੇਂ ਪਰਿਯੋਜਨਾਵਾਂ ਦੀਆਂ ਟੀਮਾਂ ਸਿੱਧੇ ਭਾਈਚਾਰੇ ਵਿੱਚ ਜਾ ਕੇ ਨਸ਼ੇ ਦੇ ਸ਼ਿਕਾਰ ਲੋਕਾਂ ਦੀ ਪਛਾਣ ਕਰਨਗੀਆਂ ਅਤੇ ਉਨ੍ਹਾਂ ਨੂੰ ਮੁੱਖਧਾਰਾ ਵਿੱਚ ਵਾਪਸ ਲਿਆਉਣ ਲਈ ਮੈਡੀਕਲ ਤੇ ਸਲਾਹ ਸਹਾਇਤਾ ਪ੍ਰਦਾਨ ਕਰਨਗੀਆਂ। ਇਹ ਅਭਿਆਨ 26 ਜੂਨ ਨੂੰ 'ਅੰਤਰਰਾਸ਼ਟਰੀ ਨਸ਼ਾ ਰੋਕੂ ਦਿਵਸ' ਦੇ ਮੌਕੇ 'ਤੇ ਸਮਾਪਤੀ ਸਮਾਰੋਹ ਨਾਲ ਸੰਪੰਨ ਹੋਵੇਗਾ।

# ਗੁਰੂ ਨਾਨਕ ਕਾਲਜ ਫਾਰ ਵੋਮੈਨ, ਬੰਗਾ ਵਿੱਚ ਨਵੇਂ ਸੈਸ਼ਨ ਲਈ ਦਾਖਲਾ ਸ਼ੁਰੂ

## ਵਿਦਿਆਰਥਣਾਂ ਵਿੱਚ ਭਾਰੀ ਉਤਸ਼ਾਹ


**ਬੰਗਾ 17 ਜੂਨ (ਚਰਨਜੀਤ ਸੱਲ੍ਹਾ )** ਗੁਰੂ ਨਾਨਕ ਕਾਲਜ ਫਾਰ ਵੂਮੈਨ ਬੰਗਾ ਵਿਖੇ ਸੈਸ਼ਨ 2026-27 ਲਈ ਦਾਖਲਾ ਸ਼ੁਰੂ ਹੋ ਚੁੱਕਾ ਹੈ ਵਿਦਿਆਰਥਣਾਂ ਹੁਮ ਹੁਮਾ ਕੇ ਦਾਖਲਾ ਲੈ ਰਹੀਆਂ ਹਨ। ਇਹ ਕਾਲਜ ਇਲਾਕੇ ਦਾ ਸਭ ਤੋਂ ਪੁਰਾਣਾ ਅਤੇ ਇਕੱਲਾ ਕਾਲਜ ਹੈ ਜਿਸ ਵਿੱਚ ਲੜਕੀਆਂ ਦੀ ਪੜ੍ਹਾਈ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪ੍ਰਿੰਸੀਪਲ ਸ੍ਰੀਮਤੀ ਮੀਨੂ ਭੋਲਾ ਨੇ ਕਿਹਾ ਕਿ ਸਾਡੇ ਕਾਲਜ ਵਿੱਚ ਬੀ.ਏ,ਬੀ.ਕੌਮ, ਬੀ.ਐਸ.ਸੀ ਇਕਨੋਮਿਕਸ, ਐਮ.ਏ (ਅੰਗਰੇਜ਼ੀ,ਪੰਜਾਬੀ, ਹਿਸਟਰੀ) ਐਮ.ਐਸ.ਸੀ (ਕੰਪਿਊਟਰ ਸਾਇੰਸ) ਦੇ ਕੋਰਸ ਉਪਲਬਧ ਹਨ,ਜਿਨਾਂ ਦੀ ਵਿਦਿਆਰਥੀਆਂ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ। ਪ੍ਰਿੰਸੀਪਲ ਨੇ ਕਿਹਾ ਕਿ ਸਾਡੇ ਕੋਲ ਹੱਥੀਂ ਕਿਰਤ ਕੋਰਸ ਵੀ ਉਪਲਬਧ ਹਨ, ਜਿਵੇਂ ਡਿਪਲੋਮਾ ਇਨ ਕੋਸਮਟੋਲੋਜੀ, ਡਿਪਲੋਮਾ ਇੰਸਟੀਚਿੰਗ ਐਂਡ ਟਿਲਰਿੰਗ, ਕੰਪਿਊਟਰ ਐਪਲੀਕੇਸ਼ਨ ਜਿਹਨਾ ਸਦਕਾ ਵਿਦਿਆਰਥਣਾਂ ਆਪਣਾ ਰੁਜਗਾਰ ਵੀ ਖੋਲ ਸਕਦੀਆਂ ਹਨ। ਕਾਲਜ ਪ੍ਰਧਾਨ ਸ਼੍ਰੀਮਤੀ ਜਸਵੰਤ ਕੌਰ ਨੇ ਕਿਹਾ ਹੈ ਕਿ ਲੜਕੀਆਂ ਨੂੰ ਅਜੋਕੇ ਸਮੇਂ ਵਿੱਚ ਆਪਣੇ ਪੈਰਾਂ ਤੇ ਖੜੇ ਹੋਣੇ ਚਾਹੀਦਾ ਹੈ। ਉਹਨਾਂ ਕਿਹਾ ਇਹ ਸਿਰਫ ਪੜ੍ਹਾਈ ਹੀ ਹੈ ਜਿਸ ਨਾਲ ਹਰ ਮੰਜਿਲ ਸਰ ਕੀਤੀ ਜਾ ਸਕਦੀ ਹੈ। ਇਸ ਮੌਕੇ ਸਮੂਹ ਕਾਲਜ ਸਟਾਫ ਮੈਂਬਰ ਹਾਜਰ ਸਨ।



ਕਾਲਜ ਸਟਾਫ ਮੈਂਬਰ ਵਿਦਿਆਰਥਣਾਂ ਨੂੰ ਕੋਰਸਾਂ ਸਬੰਧੀ ਜਾਣਕਾਰੀ ਦਿੰਦੇ ਹੋਏ।

# ਵਿਦਿਆਰਥੀਆਂ ਨੂੰ ਨਕਲ ਕਰਵਾ ਕੇ ਲੱਖਾਂ ਪੌਂਡ ਕਮਾਉਣ ਵਾਲੇ ਨੂੰ ਤਿੰਨ ਸਾਲ ਕੈਦ

**ਲੈਸਟਰ (ਇੰਗਲੈਂਡ), 17 ਜੂਨ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਲਿਵਰਪੂਲ ਵਾਸੀ 43 ਸਾਲਾ ਸ਼ਾਹਿਦ ਅਦਨਾਨ ਨੂੰ ਵਿਦਿਆਰਥੀਆਂ ਦੀ ਥਾਂ ਇਮਤਿਹਾਨ ਅਤੇ ਕੋਰਸਵਰਕ ਕਰਕੇ ਉਨ੍ਹਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਪਾਸ ਕਰਵਾਉਣ ਦੇ ਮਾਮਲੇ ਵਿੱਚ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਵਿੱਚ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਅਦਨਾਨ ਨੇ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਦੇ 100 ਤੋਂ ਵੱਧ ਵਿਦਿਆਰਥੀਆਂ ਲਈ ਅਸਾਈਨਮੈਂਟਾਂ, ਕੋਰਸਵਰਕ ਅਤੇ ਆਨਲਾਈਨ ਪ੍ਰੀਖਿਆਵਾਂ ਦੇ ਕੇ ਵੱਡੀ ਰਕਮ ਹਾਸਲ ਕੀਤੀ। ਜਾਂਚ ਦੌਰਾਨ ਪੁਲਿਸ ਨੂੰ ਉਸ ਦੇ ਬੈਂਕ ਅਤੇ ਕਾਰੋਬਾਰੀ ਖਾਤਿਆਂ ਵਿੱਚ 24 ਲੱਖ ਪੌਂਡ ਤੋਂ ਵੱਧ ਦੀ ਰਕਮ ਮਿਲੀ। ਹਾਲਾਂਕਿ ਸਜ਼ਾ ਨਿਰਧਾਰਤ ਕਰਨ ਲਈ ਅਦਾਲਤ ਨੇ ਉਸ ਦੇ ਅਪਰਾਧ ਤੋਂ ਹੋਈ ਕਮਾਈ 3 ਲੱਖ ਪੌਂਡ ਮੰਨੀ। ਅਦਨਾਨ ਨੇ ਧੋਖਾਧੜੀ, ਕੰਪਿਊਟਰ ਪ੍ਰਣਾਲੀ ਦੀ ਗੈਰ-ਅਧਿਕਾਰਤ ਵਰਤੋਂ ਅਤੇ ਅਪਰਾਧਿਕ ਕਮਾਈ ਨੂੰ ਲੁਕਾਉਣ ਨਾਲ ਸਬੰਧਤ ਦੋਸ਼ ਕਬੂਲ ਕਰ ਲਏ ਸਨ। ਇਹ ਮਾਮਲਾ ਉਸ ਵੇਲੇ ਬੇਨਕਾਬ ਹੋਇਆ ਜਦੋਂ ਲਿਵਰਪੂਲ ਜੌਨ ਮੂਰਜ਼ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਵੱਲੋਂ ਜਮ੍ਹਾਂ ਕਰਵਾਏ ਗਏ ਕੋਰਸਵਰਕ ਦੀ ਜਾਂਚ ਦੌਰਾਨ ਅਦਨਾਨ ਦੀ ਕੰਪਨੀ ਨਾਲ ਜੁੜੇ ਡਿਜ਼ੀਟਲ ਸਬੂਤ ਮਿਲੇ। ਇਸ ਤੋਂ ਬਾਅਦ ਪੁਲਿਸ ਨੇ ਉਸ ਦੇ ਘਰ 'ਤੇ ਛਾਪਾ ਮਾਰ ਕੇ ਵੱਡੀ ਮਾਤਰਾ ਵਿੱਚ ਨਕਦੀ ਅਤੇ ਹੋਰ ਸਬੂਤ ਬਰਾਮਦ ਕੀਤੇ। ਸਜ਼ਾ ਸੁਣਾਉਂਦਿਆਂ ਜੱਜ ਨੇ ਕਿਹਾ ਕਿ ਦੋਸ਼ੀ ਇੱਕ ਉੱਚ-ਸਿੱਖਿਆ ਪ੍ਰਾਪਤ ਵਿਅਕਤੀ ਹੋਣ ਦੇ ਬਾਵਜੂਦ ਗਲਤ ਰਾਹ 'ਤੇ ਚੱਲ ਪਿਆ ਅਤੇ ਉਸ ਦੀਆਂ ਹਰਕਤਾਂ ਨੇ ਉੱਚ ਸਿੱਖਿਆ ਪ੍ਰਣਾਲੀ ਵਿੱਚ ਲੋਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਈ ਹੈ। ਪੁਲਿਸ ਨੇ ਕਿਹਾ ਕਿ ਅਜਿਹੇ ਅਪਰਾਧਾਂ ਨੂੰ ਰੋਕਣਾ ਜ਼ਰੂਰੀ ਹੈ ਕਿਉਂਕਿ ਇਸ ਨਾਲ ਅਯੋਗ ਲੋਕਾਂ ਨੂੰ ਡਿਗਰੀਆਂ ਅਤੇ ਪੇਸ਼ੇਵਰ ਯੋਗਤਾਵਾਂ ਮਿਲ ਸਕਦੀਆਂ ਹਨ।



# ਲਿਵ-ਇਨ ਰਿਸ਼ਤਿਆਂ ਬਾਰੇ ਹਾਈ ਕੋਰਟ ਦੀਆਂ ਟਿੱਪਣੀਆਂ ਵਿਰੋਧਾਭਾਸੀ ਹਨ

**ਲੁਧਿਆਣਾ 17 ਜੂਨ (ਕਰਨੈਲ ਸਿੰਘ ਐੱਮ.ਏ.)** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇੱਕ ਲਿਵ-ਇਨ ਜੋੜੇ ਨੂੰ ਸੁਰੱਖਿਆ ਦੇਣ ਤੋਂ ਇਨਕਾਰ ਕਰਨ ਨਾਲ ਮਹੱਤਵਪੂਰਨ ਕਾਨੂੰਨੀ ਅਤੇ ਸਮਾਜਿਕ ਸਵਾਲ ਖੜ੍ਹੇ ਹੁੰਦੇ ਹਨ। ਸੰਬੰਧਿਤ ਮਾਮਲੇ ਵਿੱਚ ਔਰਤ ਨੇ ਕਿਹਾ ਕਿ ਉਸ ਉੱਤੇ ਆਪਣੇ ਸਾਥੀ ਨੂੰ ਛੱਡਣ ਲਈ ਦਬਾਅ ਪਾਇਆ ਜਾ ਰਿਹਾ ਹੈ। ਜੋੜੇ ਨੇ ਇਹ ਵੀ ਕਿਹਾ ਹੈ ਕਿ ਉਹ ਜਲਦੀ ਹੀ ਵਿਆਹ ਕਰ ਲੈਣਗੇ। ਫਿਰ ਵੀ ਅਦਾਲਤ ਨੇ ਕਿਹਾ ਕਿ ਅਜਿਹੇ ਜੋੜੇ ਆਪਣੇ ਪਰਿਵਾਰਾਂ ਦੀ ਬਦਨਾਮੀ ਦਾ ਕਾਰਨ ਬਣਦੇ ਹਨ।ਅਦਾਲਤ ਦਾ ਇਹ ਮਤ ਕਿ ਲਿਵ-ਇਨ ਰਿਸ਼ਤੇ ਪੱਛਮੀ ਧਾਰਨਾ ਹਨ ਅਤੇ ਭਾਰਤੀ ਸੱਭਿਆਚਾਰ ਲਈ ਪਰਾਏ ਹਨ, ਇਤਿਹਾਸਕ ਤੌਰ ’ਤੇ ਸਵਾਲਾਂ ਦੇ ਘੇਰੇ ਵਿੱਚ ਹੈ। ਪ੍ਰਾਚੀਨ ਭਾਰਤੀ ਪਰੰਪਰਾਵਾਂ ਵਿੱਚ ਆਪਸੀ ਸਹਿਮਤੀ ’ਤੇ ਆਧਾਰਿਤ ਸੰਬੰਧਾਂ ਨੂੰ ਮਾਨਤਾ ਦਿੱਤੀ ਜਾਂਦੀ ਸੀ, ਜਿਵੇਂ ਕਿ ਗੰਧਰਵ ਵਿਆਹ। ਇਸ ਤੋਂ ਇਲਾਵਾ, ਪ੍ਰਾਚੀਨ ਭਾਰਤੀ ਸਮਾਜ ਵਿੱਚ ਬਹੁ-ਵਿਆਹ (ਫੋਲੇਗਓਮੈ) ਅਤੇ ਬਹੁ-ਪਤੀ ਪ੍ਰਥਾ (Polyandry) ਵੀ ਸਵੀਕਾਰਯੋਗ ਸਨ। ਸੋਸ਼ਲ ਥਿੰਕਰਜ਼ ਫੋਰਮ, ਲੁਧਿਆਣਾ ਦੇ ਕਨਵੀਨਰ ਡਾ: ਅਰੁਣ ਮਿਤਰਾ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਸਮਾਜਿਕ ਰਿਵਾਜ ਅਤੇ ਸੱਭਿਆਚਾਰਕ ਮਾਪਦੰਡ ਇਤਿਹਾਸ ਦੌਰਾਨ ਲਗਾਤਾਰ ਬਦਲਦੇ ਰਹੇ ਹਨ ਅਤੇ ਕੋਈ ਵੀ ਸਮਾਜ ਸਥਿਰ ਨਹੀਂ ਰਹਿੰਦਾ। ਇਸ ਤੋਂ ਵੀ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਬਹੁਤ ਸਾਰੇ ਜੋੜੇ ਕਾਨੂੰਨੀ ਸੁਰੱਖਿਆ ਇਸ ਲਈ ਮੰਗਦੇ ਹਨ ਕਿਉਂਕਿ ਉਹਨਾਂ ਨੂੰ ਅੰਤਰ-ਜਾਤੀ, ਅੰਤਰ-ਧਾਰਮਿਕ ਜਾਂ ਆਪਣੀ ਪਸੰਦ ਦੇ ਵਿਆਹਾਂ ਦਾ ਵਿਰੋਧ ਕਰਨ ਵਾਲੇ ਪਰਿਵਾਰਾਂ ਵੱਲੋਂ ਧਮਕੀਆਂ ਅਤੇ ਜਬਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਜ਼ਤ ਦੇ ਨਾਮ ’ਤੇ ਕੀਤੀਆਂ ਜਾਣ ਵਾਲੀਆਂ ਹੱਤਿਆਵਾਂ ਅਤੇ ਨੌਜਵਾਨ ਜੋੜਿਆਂ ਵਿਰੁੱਧ ਹਿੰਸਾ ਅਫ਼ਸੋਸਨਾਕ ਹਕੀਕਤਾਂ ਹਨ। ਅਜਿਹੀਆਂ ਸਥਿਤੀਆਂ ਵਿੱਚ ਮੁੱਖ ਚਿੰਤਾ ਵਿਅਕਤੀਗਤ ਆਜ਼ਾਦੀ ਅਤੇ ਬਾਲਗਾਂ ਦੇ ਆਪਣੇ ਜੀਵਨ ਸਾਥੀ ਦੀ ਚੋਣ ਕਰਨ ਦੇ ਸੰਵਿਧਾਨਕ ਅਧਿਕਾਰ ਦੀ ਸੁਰੱਖਿਆ ਹੋਣੀ ਚਾਹੀਦੀ ਹੈ। ਇਸ ਲਈ ਅਦਾਲਤ ਦੀਆਂ ਟਿੱਪਣੀਆਂ ਇਨ੍ਹਾਂ ਹਕੀਕਤਾਂ ਨੂੰ ਨਜ਼ਰਅੰਦਾਜ਼ ਕਰਦੀਆਂ ਜਾਪਦੀਆਂ ਹਨ ਅਤੇ ਇਨ੍ਹਾਂ ਵਿੱਚ ਗੰਭੀਰ ਵਿਰੋਧਾਭਾਸ ਦਿਖਾਈ ਦਿੰਦੇ ।

# ਨਵੇਂ ਆਮਦਨ ਕਰ ਐਕਟ 2025 ਸਬੰਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਆਮਦਨ ਕਰ ਵਿਭਾਗ ਵੱਲੋਂ ਹੁਸ਼ਿਆਰਪੁਰ ਦੇ ਹੋਟਲ ਐਂਬਰ ਰੈਜ਼ੀਡੈਂਸੀ ਵਿਖੇ ਨਵੇਂ ਆਮਦਨ ਕਰ ਐਕਟ 2025 ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਸੈਮੀਨਾਰ "ਪ੍ਰਾਰੰਭ 2026" ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ਼ਿਵਦਾਨ ਸਿੰਘ ਭਦੌਰੀਆ, ਪ੍ਰਿੰਸੀਪਲ ਕਮਿਸ਼ਨਰ ਆਫ ਇਨਕਮ ਟੈਕਸ, ਜਲੰਧਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਐਸ.ਪੀ. ਸਿੰਘ, ਡਿਪਟੀ ਕਮਿਸ਼ਨਰ ਆਫ ਇਨਕਮ ਟੈਕਸ ਅਤੇ ਨਰੇਸ਼ ਭਗਤ, ਡਿਪਟੀ ਕਮਿਸ਼ਨਰ ਆਫ ਇਨਕਮ ਟੈਕਸ ਵੀ ਹਾਜ਼ਰ ਸਨ। ਅਧਿਕਾਰੀਆਂ ਨੇ ਨਵੇਂ ਆਮਦਨ ਕਰ ਐਕਟ 2025 ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਇਸ ਵਿੱਚ ਕੀਤੇ ਗਏ ਮਹੱਤਵਪੂਰਨ ਬਦਲਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਟੈਕਸਦਾਤਾਵਾਂ, ਵਪਾਰੀਆਂ, ਪੇਸ਼ੇਵਰਾਂ ਅਤੇ ਆਮ ਲੋਕਾਂ ਨੂੰ ਨਵੇਂ ਕਾਨੂੰਨ ਦੀਆਂ ਧਾਰਾਵਾਂ ਨਾਲ ਜਾਣੂ ਕਰਵਾਉਣਾ ਅਤੇ ਸਵੈ-ਇੱਛਾ ਨਾਲ ਟੈਕਸ ਅਦਾਇਗੀ ਲਈ ਪ੍ਰੇਰਿਤ ਕਰਨਾ ਹੈ। ਸੈਮੀਨਾਰ ਦੌਰਾਨ ਭਾਗੀਦਾਰਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ। ਵਪਾਰਕ ਸੰਸਥਾਵਾਂ ਦੇ ਨੁਮਾਇੰਦਿਆਂ, ਚਾਰਟਰਡ ਅਕਾਊਂਟੈਂਟਾਂ, ਟੈਕਸ ਪ੍ਰੈਕਟੀਸ਼ਨਰਾਂ ਅਤੇ ਹੋਰ ਨਾਗਰਿਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਣਗੇ ਤਾਂ ਜੋ ਟੈਕਸ ਪ੍ਰਣਾਲੀ ਬਾਰੇ ਲੋਕਾਂ ਦੀ ਸਮਝ ਹੋਰ ਵਧ ਸਕੇ।

# ਸ਼ਹੀਦੀ ਦਿਹਾੜਾ ਸਾਨੂੰ ਸੱਚ, ਸਬਰ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦਾ ਹੈ-ਡੰਗ

## ਠੰਡੇ ਮਿੱਠੇ ਜਲ ਦੀ ਛਬੀਲ ਤੇ ਕੁਲਚੇ ,ਛੋਲਿਆਂ ਦਾ ਲਗਾਇਆ ਲੰਗਰ

**ਲੁਧਿਆਣਾ 17 ਜੂਨ (ਕਰਨੈਲ ਸਿੰਘ ਐੱਮ.ਏ.)** ਪੰਜਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਜਸੇਵਕ ਤੇਜਿੰਦਰ ਸਿੰਘ ਡੰਗ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਪ੍ਰੀਤ ਆਇਰਨ ਸਟੋਰ, ਗਿੱਲ ਰੋਡ ਵਿਖੇ ਠੰਡੇ-ਮਿੱਠੇ ਜਲ ਦੀ ਛਬੀਲ ਅਤੇ ਕੁਲਚੇ ਛੋਲਿਆਂ ਦਾ ਲੰਗਰ ਸ਼ਰਧਾ ਭਾਵਨਾ ਨਾਲ ਲਗਾਇਆ ਗਿਆ। ਇਸ ਮੌਕੇ ਤੇਜਿੰਦਰ ਸਿੰਘ ਡੰਗ ਨੇ ਕਿਹਾ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸਾਨੂੰ ਸੱਚ, ਸਬਰ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦਾ ਹੈ। ਗੁਰੂ ਸਾਹਿਬ ਨੇ ਧਰਮ ਅਤੇ ਸਚਾਈ ਦੀ ਰੱਖਿਆ ਲਈ ਅਦੁੱਤੀ ਕੁਰਬਾਨੀ ਦੇ ਕੇ ਸੰਸਾਰ ਨੂੰ ਇਨਸਾਨੀਅਤ ਦਾ ਰਾਹ ਦਿਖਾਇਆ। ਇਸ ਮੌਕੇ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਹਰ ਇਨਸਾਨ ਨੂੰ ਮੁਸ਼ਕਲਾਂ ਦਾ ਡਟ ਕੇ ਸਾਹਮਣਾ ਕਰਨ ਅਤੇ ਲੋਕ ਭਲਾਈ ਲਈ ਕੰਮ ਕਰਨ ਦੀ ਪ੍ਰੇਰਣਾ ਦਿੰਦੀ ਹੈ। ਇਸ ਮੌਕੇ ਇੰਦਰਜੀਤ ਸਿੰਘ ਡੰਗ ਨੇ ਸੰਗਤਾਂ ਨੂੰ ਅਪੀਲ ਕੀਤੀ





ਕਿ ਉਹ ਗੁਰੂ ਸਾਹਿਬ ਦੇ ਦਿਖਾਏ ਮਾਰਗ 'ਤੇ ਚੱਲਦੇ ਹੋਏ ਆਪਸੀ ਭਾਈਚਾਰੇ, ਪ੍ਰੇਮ ਅਤੇ ਸੇਵਾ ਦੀ ਭਾਵਨਾ ਨੂੰ ਅਪਣਾਉਣ ਅਤੇ ਸਮਾਜ ਵਿੱਚ ਏਕਤਾ ਤੇ ਸਦਭਾਵਨਾ ਨੂੰ ਮਜ਼ਬੂਤ ਕਰਨ। ਹੋਰਨਾਂ ਤੋਂ ਇਲਾਵਾ ਇੰਦਰਜੀਤ ਸਿੰਘ ਡੰਗ, ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ, ਇੰਦਰਜੀਤ ਸਿੰਘ ਗੋਲਾ, ਤਰਲੋਚਨ ਸਿੰਘ ਬੱਬਰ, ਇੰਦਰਜੀਤ ਸਿੰਘ ਮੱਕੜ, ਚਰਨਜੀਤ ਸਿੰਘ ਡੰਗ, ਮਨਪ੍ਰੀਤ ਸਿੰਘ ਪ੍ਰਿੰਸ, ਬਲਜੀਤ ਸਿੰਘ ਦੁਖੀਆ, ਹਰਬੀਰ ਸਿੰਘ ਬੀਰਾ ਤਲਵਾਰ ਸੋਪ, ਇੰਦਰਪਾਲ ਸਿੰਘ ਕਾਲੜਾ, ਤਰਲੋਚਨ ਸਿੰਘ ਮੱਕੜ, ਤਰਲੋਚਨ ਸਿੰਘ ਖੁਰਾਣਾ, ਮਹਿੰਦਰਪਾਲ ਸਿੰਘ ਚਾਵਲਾ, ਪਵਨ ਨਾਗਪਾਲ, ਪ੍ਰੀਤਮ ਸਿੰਘ ਮਣਕੂ, ਤੇਜਿੰਦਰ ਸਿੰਘ ਬਜਾਜ, ਹੈਪੀ ਕੋਚਰ, ਕਰਨ ਮੱਕੜ, ਸੁਰਿੰਦਰ ਸਿੰਘ ਨਰੂਲਾ, ਸੁਰਿੰਦਰਜੀਤ ਸਿੰਘ ਮੱਕੜ ਵੀ ਹਾਜ਼ਰ ਸਨ।

# ਏਲੀ ਦੰਗਿਆਂ ਦੇ ਪਹਿਲੇ ਪੰਜ ਦੋਸ਼ੀਆਂ ਨੂੰ ਸਜ਼ਾਵਾਂ, ਅਦਾਲਤ ਵਿੱਚ ਜੱਜ ਖ਼ਿਲਾਫ਼ ਨਾਅਰੇਬਾਜ਼ੀ

**ਲੈਸਟਰ (ਇੰਗਲੈਂਡ), 17 ਜੂਨ (ਸੁਖਜਿੰਦਰ ਸਿੰਘ ਢੱਡੇ)-** ਵੇਲਜ਼ ਦੀ ਰਾਜਧਾਨੀ ਕਾਰਡਿਫ਼ ਦੇ ਏਲੀ ਇਲਾਕੇ ਵਿੱਚ ਤਿੰਨ ਸਾਲ ਪਹਿਲਾਂ ਹੋਏ ਹਿੰਸਕ ਦੰਗਿਆਂ ਨਾਲ ਸਬੰਧਿਤ ਪਹਿਲੇ ਪੰਜ ਦੋਸ਼ੀਆਂ ਨੂੰ ਕਾਰਡਿਫ਼ ਕਰਾਊਨ ਕੋਰਟ ਵੱਲੋਂ ਸਜ਼ਾਵਾਂ ਸੁਣਾਈਆਂ ਗਈਆਂ। ਸਜ਼ਾ ਸੁਣਾਏ ਜਾਣ ਦੌਰਾਨ ਅਦਾਲਤ ਅੰਦਰ ਤਣਾਅਪੂਰਨ ਮਾਹੌਲ ਬਣ ਗਿਆ ਜਦੋਂ ਕੁਝ ਲੋਕਾਂ ਨੇ ਜੱਜ ਵਿਰੁੱਧ ਅਪਮਾਨਜਨਕ ਟਿੱਪਣੀਆਂ ਅਤੇ ਨਾਅਰੇਬਾਜ਼ੀ ਕੀਤੀ।

ਇਹ ਦੰਗੇ ਮਈ 2023 ਵਿੱਚ 16 ਸਾਲਾ ਕਾਇਰੀਸ ਸੁਲੀਵਨ ਅਤੇ 15 ਸਾਲਾ ਹਾਰਵੇ ਇਵਾਨਜ਼ ਦੀ ਈ-ਬਾਈਕ ਹਾਦਸੇ ਵਿੱਚ ਮੌਤ ਤੋਂ ਬਾਅਦ ਭੜਕੇ ਸਨ। ਘਟਨਾ ਤੋਂ ਬਾਅਦ ਲਗਭਗ 150 ਲੋਕਾਂ ਦੀ ਭੀੜ ਨੇ ਪੁਲਿਸ 'ਤੇ ਹਮਲੇ ਕੀਤੇ ਅਤੇ ਵਿਆਪਕ ਤੋੜਫੋੜ ਕੀਤੀ ਸੀ।

ਅਦਾਲਤ ਨੇ ਐਸ਼ਡਨ ਓ'ਡੇਅਰ ਅਤੇ ਲੀ ਰੌਬਿਨਸਨ ਨੂੰ 6 ਸਾਲ 6 ਮਹੀਨੇ, ਮਾਈਕੇਲਾ ਗੋਂਜ਼ਾਲੇਸ ਨੂੰ 5 ਸਾਲ 2 ਮਹੀਨੇ, ਜੌਰਡਨ ਬ੍ਰੈਚਰ ਨੂੰ 5 ਸਾਲ 6 ਮਹੀਨੇ ਅਤੇ ਟਾਈਲਰ ਸਟੈਪਲਟਨ ਨੂੰ 4 ਸਾਲ 4 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ। ਜੱਜ ਨੇ ਕਿਹਾ ਕਿ ਇਹ ਸਾਰੇ ਦੋਸ਼ੀ ਦੰਗਿਆਂ ਦੌਰਾਨ ਪੁਲਿਸ ਉੱਤੇ ਹਮਲੇ ਕਰਨ, ਭੀੜ ਨੂੰ ਉਕਸਾਉਣ ਅਤੇ ਹਿੰਸਾ ਫੈਲਾਉਣ ਵਿੱਚ ਸਰਗਰਮ ਸਨ।

ਸੁਣਵਾਈ ਦੌਰਾਨ ਪੁਲਿਸ ਦੀ ਬਾਡੀ ਕੈਮਰਾ ਫੁਟੇਜ ਵੀ ਦਿਖਾਈ ਗਈ, ਜਿਸ ਵਿੱਚ ਪੁਲਿਸ ਉੱਤੇ ਪੱਥਰਾਂ, ਬੋਤਲਾਂ, ਇੱਟਾਂ ਅਤੇ ਹੋਰ ਵਸਤਾਂ ਨਾਲ ਹਮਲੇ ਹੁੰਦੇ ਨਜ਼ਰ ਆਏ। ਇੱਕ ਮੌਕੇ 'ਤੇ ਸੁੱਟੇ ਗਏ ਪੈਟਰੋਲ ਬੰਬ ਨਾਲ ਇੱਕ ਮਹਿਲਾ ਪੁਲਿਸ ਅਧਿਕਾਰੀ ਦੇ ਕੱਪੜਿਆਂ ਨੂੰ ਅੱਗ ਲੱਗ ਗਈ ਸੀ। ਦੱਖਣੀ ਵੇਲਜ਼ ਪੁਲਿਸ ਮੁਤਾਬਕ ਦੰਗਿਆਂ ਦੌਰਾਨ ਕੀਤੀ ਗਈ ਕਾਰਵਾਈ 'ਤੇ 10 ਲੱਖ ਪੌਂਡ ਤੋਂ ਵੱਧ ਖਰਚ ਆਇਆ, ਜਦਕਿ ਸਫ਼ਾਈ ਅਤੇ ਮੁਰੰਮਤ ਕਾਰਜਾਂ 'ਤੇ ਕਾਰਡਿਫ਼ ਕੌਂਸਲ ਨੂੰ ਹਜ਼ਾਰਾਂ ਪੌਂਡ ਦਾ ਵਾਧੂ ਖਰਚਾ ਝੱਲਣਾ ਪਿਆ।ਅਦਾਲਤ ਵਿੱਚ ਪਹਿਲੇ ਦੋਸ਼ੀ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਕੁਝ ਹਾਜ਼ਰ ਲੋਕਾਂ ਨੇ ਉਸ ਦੇ ਹੱਕ ਵਿੱਚ ਨਾਅਰੇ ਲਗਾਏ ਅਤੇ ਜੱਜ ਵਿਰੁੱਧ ਅਪਮਾਨਜਨਕ ਸ਼ਬਦ ਵਰਤੇ। ਇਸ ਤੋਂ ਬਾਅਦ ਜੱਜ ਨੇ ਦੋ ਵਿਅਕਤੀਆਂ ਨੂੰ ਅਦਾਲਤ ਦੀ ਤੌਹੀਨ ਦੇ ਸ਼ੱਕ ਹੇਠ ਹਿਰਾਸਤ ਵਿੱਚ ਲੈਣ ਦੇ ਹੁਕਮ ਦਿੱਤੇ।ਇਸ ਮਾਮਲੇ ਵਿੱਚ ਕੁੱਲ 30 ਵਿਅਕਤੀਆਂ ਨੂੰ ਸਜ਼ਾ ਸੁਣਾਈ ਜਾਣੀ ਹੈ, ਜਦਕਿ ਇਸ ਤੋਂ ਪਹਿਲਾਂ 10 ਨਾਬਾਲਗਾਂ ਨੂੰ ਕਮਿਊਨਿਟੀ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਹਨ।

# ਪਿੰਡ ਹੀਉਂ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਸਲਾਨਾ ਜੋੜ ਮੇਲਾ ਕਰਵਾਇਆ ਗਿਆ

## ਗਾਇਕ ਦਵਿੰਦਰ ਰੂਹੀ, ਹਰਨਾਮ ਸਿੰਘ ਬਹਿਬਲਪੁਰੀ ਅਤੇ ਦਵਿੰਦਰ ਬੀਸਲਾ ਨੇ ਆਪਣੀ ਕਲਾ ਰਾਹੀਂ ਸੰਗਤਾਂ ਦੇ ਮੰਨ ਮੋਹੇ











**ਬੰਗਾ 17 ਜੂਨ( ਚਰਨਜੀਤ ਸੱਲ੍ਹਾ )**ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੋਤੀ ਜੋਤ ਦਿਵਸ ਨੂੰ ਮੁੱਖ ਰਖਦਿਆਂ 69ਵਾਂ ਸਲਾਨਾ ਜੜ ਮੇਲਾ ਸਤਿਗੁਰੂ ਰਵਿਦਾਸ ਮੰਦਿਰ ਬੰਗਾ ਰੋੜ ਹੀਉਂ (ਡੇਰਾ ਸੰਤ ਚੰਨਾ ਰਾਮ ਵੈਦ ਜੀ) ਵਿਖੇ ਵੜੀ ਸ਼ਰਦਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਨਿਸ਼ਾਨ ਸਾਹਿਬ ਚੜਾਇਆ ਗਿਆ ਉਸ ਤੋਂ ਬਾਅਦ ਸਟੇਜ ਪ੍ਰੋਗਰਾਮ ਹੋਇਆ ਜਿਸ ਵਿੱਚ ਮਿਸ਼ਨਰੀ ਗਾਇਕ ਹਰਨਾਮ ਸਿੰਘ ਬਹਿਲਪੁਰੀ, ਦਵਿੰਦਰ ਬੀਸਲਾ , ਅਤੇ ਦਵਿੰਦਰ ਰੂਹੀ ਨੇ ਆਪਣੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਜਿਸ ਨੇ ਆਪਣੇ ਗੀਤਾਂ ਵਿੱਚ ਕੌਮ ਤੇਰੀ ਮੇਰੇ ਸਤਿਗੁਰ ਜੀ ਕੌਮ ਤੇਰੀ ਮੇਰੇ ਬਾਬਾ ਸਾਹਿਬ ਜੀ ਹੁਣ ਚੜ੍ਹਦੀ ਕਲਾ ਰਹਿੰਦੀ ਹੈ ਅਤੇ ਭਾਰਤ ਦੇ ਵੀਰੋਂ ਭੀਮ ਜੀ ਦਾ ਸੁਪਨਾ ਸੱਚ ਕਰਾਉਣਾਂ ਹੈ ਗੀਤ ਗਾ ਕੇ ਸੰਗਤ ਦੀਆਂ ਦੁਆਵਾਂ ਲਈਆਂ ।ਇਸ ਮੌਕੇ ਹਾਜ਼ਰ ਸਨ ਸੇਵਾਦਾਰ ਕ੍ਰਿਸ਼ਨ ਹੀਉਂ, ਮੋਹਨ ਲਾਲ ਜਲੰਧਰ, ਰੂਪੀ ਅਮ੍ਰਿਤਸਰ, ਸਰਪੰਚ ਪਿਆਰਾ ਰਾਮ,ਅਵਤਾਰ ਚੰਦ,ਗੁਰਮੀਤ ਟੋਨੀ, ਜੱਗੀ,ਜੀਵਨ ਕੁਮਾਰ, ਹੀਰਾ ਮੱਮਣ, ਗੁਰਦੀਪ ਰਾਮ, ਪਰਮਿੰਦਰ ਲੁਧਿਆਣਾ, ਮੇਹਰ ਸਿੰਘ, ਲਾਲ ਚੰਦ, ਉਂਕਾਰ ਸਿੰਘ, ਸੁਰਿੰਦਰ ਸਿੰਘ, ਦੀਪਕ ਰਾਏ, ਮਨੀਸ਼, ਮੁਕੇਸ਼, ਮਨੀ ਅਤੇ ਪੱਤਰਕਾਰ ਧਰਮਵੀਰ ਤੇ ਚਰਨਜੀਤ ਸੱਲ੍ਹਾ ਵੀ ਹਾਜ਼ਰ ਰਹੇ।

# ਅਮਿਟ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ "ਅੰਬਾਂ ਵਾਲਾ ਮੇਲਾ"

## ਗੱਦੀਨਸ਼ੀਨ ਸਾਈਂ ਸੋਮੇ ਸ਼ਾਹ ਜੀ ਦੇ ਜਨਮ ਦਿਨ ਤੇ ਕੇਕ ਕੱਟ ਕੇ ਮਨਾਈਆਂ ਖ਼ੁਸ਼ੀਆਂ

**ਬੰਗਾ (ਚਰਨਜੀਤ ਸੱਲ੍ਹਾ):-** ਪਿੰਡ ਦੁਸਾਂਝ ਖੁਰਦ ਦੇ ਲੱਖਦਾਤਾ ਪੀਰ ਦਰਬਾਰ ਵਿਖੇ "ਅੰਬਾਂ ਦਾ ਮੇਲਾ" ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਮੌਜੂਦਾ ਗੱਦੀਨਸ਼ੀਨ ਸਾਈਂ ਸੋਮੇ ਸ਼ਾਹ ਦੀ ਅਗਵਾਈ ਹੇਠ ਆਯੋਜਿਤ ਇਸ ਮੇਲੇ ਵਿੱਚ ਦਰਬਾਰ ਵਿੱਚ ਚਿਰਾਗ ਜਗਾਉਣ ਦੀ ਰਸਮ ਅਦਾ ਕੀਤੀ ਗਈ । ਮਹਿੰਦੀ ਦੀ ਰਸਮ ਰਾਤ ਨੂੰ ਕੀਤੀ ਗਈ। ਮੇਲੇ ਦੇ ਦੂਜੇ ਦਿਨ, ਲੱਖਦਾਤਾ ਦਰਬਾਰ ਵਿਖੇ ਅਰਦਾਸ ਕਰਨ ਤੋਂ ਬਾਅਦ, ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਮਹਿਫ਼ਲ ਸਜਾਈ ਗਈ, ਜਿੱਥੇ ਵੱਖ-ਵੱਖ ਕੱਵਾਲਾਂ ਨੇ ਆਪਣੀਆਂ ਕੱਵਾਲੀਆਂ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਇਸ ਤੋਂ ਬਾਅਦ ਕੱਵਾਲ ਪ੍ਰਵੇਜ਼ ਆਲਮ ਐਂਡ ਪਾਰਟੀ ਨੇ "ਗੌਸ ਮੇਰਾ ਵਲੀਆਂ ਦਾ ਰਾਜਾ," "ਉੱਚੀਆ ਸ਼ਾਨਾਂ ਪੀਰ ਦੀਆਂ,,,, "ਸਾਨੂੰ ਬੜੀ ਔਖੀ ਮਿਲੀ ਏ ਫਕੀਰੀ ਸੱਜਣਾ,,,, "ਪੀਰ ਵਾਲੀ ਗਲੀ ਵਿਚ ਕੋਈ ਕੋਈ ਲੰਘਦਾ,,,, "ਜੀਵਨ ਸ਼ਾਹ ਦਾ ਕਰਮ ਹੋਇਆ ਗੱਲ ਬਣ ਗਈ,,,, ਆਦਿ ਕੱਵਾਲੀਆਂ ਪੇਸ਼ ਕਰਕੇ ਸੰਗਤਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ । ਇਸ ਤੋਂ ਬਾਅਦ ਕੱਵਾਲ ਇਸ਼ਰਤ ਗੁਲਾਮ ਅਲੀ ਨੇ "ਮਹਿਲਾਂ ਤੋ ਉਚੀ ਲਗਦੀ ਕੁੱਲੀ ਦਰਵੇਸ਼ ਦੀ,,,,ਮੈ ਸਾਧੂਆਂ ਦੀ ਕੁੱਲੀ ਵਿਚ ਰਲ ਗਿਆ ਹਾਂ,,,,ਉਜੜੀ ਵਸਾਉਣੀ ਮੇਰਾ ਪੀਰ ਜਾਣਦਾ,,,, ਜੀਵਨ ਸ਼ਾਹ ਬਾਬਾ ਮੇਰਾ ਪੀਰ,,,ਆਦਿ ਕਵਾਲੀਆਂ ਗਾਕੇ ਦਰਬਾਰ ਵਿਚ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ "ਦੁਸਹਿਰੀ ਅੰਬਾਂ" ਦਾ ਅਤੁੱਟ ਲੰਗਰ ਵਰਤਾਇਆ ਗਿਆ। ਮੇਲੇ ਵਿੱਚ ਵੱਖ-ਵੱਖ ਡੇਰਿਆਂ ਤੋਂ ਆਏ ਸੰਤਾਂ ਤੇ ਮਹਾਂਪੁਰਸ਼ਾਂ ਬਾਬਾ ਸ਼ੰਭੂ ਸਰਕਾਰ ਡੇਰਾ ਮਾਈਆ ਜੀ ਭਗਵਾਨ ਫਿਲੌਰ, ਸਾਈਂ ਜਸਵੀਰ ਸਾਬਰੀ ਖਾਨਖਾਨਾ, ਸਾਈਂ ਅਵਿਨਾਸ਼ ਸ਼ਾਹ ਕਾਦਰੀ, ਸਾਈਂ ਪਿਆਰੇ ਸ਼ਾਹ, ਸਾਈਂ ਗੁਰਦੇਵ ਸ਼ਾਹ, ਸਾਈਂ ਬਿੱਲੇ ਸ਼ਾਹ ਗੱਦੀ ਨਸ਼ੀਨ ਮੀਆਂ ਸਾਹਿਬ, ਸਾਈਂ ਪਵਨ ਵਿਰਦੀ ਗੱਦੀ ਨਸ਼ੀਨ ਨੌਗੱਜ਼ਾ ਪੀਰ ਗੁਣਾਚੌਰ, ਬੀਬੀ ਬਲਬੀਰ ਸ਼ਾਹ ਕਾਦਰੀ ਨੇ ਸਾਈਂ ਸੋਮੇ ਸ਼ਾਹ ਜੀ ਦੇ ਜਨਮ ਦਿਨ ਤੇ ਉਨ੍ਹਾਂ ਨੂੰ ਹਾਰਦਿਕ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਦੇ ਜਨਮ ਦਿਨ ਤੇ ਵਿਸ਼ਾਲ ਕੇਕ ਕੱਟ ਕੇ ਸਾਈਂ ਸੋਮੇ ਸ਼ਾਹ ਜੀ ਦਾ ਮੂੰਹ ਮਿੱਠਾ ਕਰਵਾਇਆ ਗਿਆ। ਸੰਗਤਾਂ ਵਿੱਚ ਵੀ ਜਨਮ ਦਿਨ ਦਾ ਕੇਕ ਵੰਡ ਕੇ ਖੁਸ਼ੀ ਮਨਾਈ ਗਈ। ਇਸ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਕੁਲਰਾਜ ਮੁਹੰਮਦ ਨੇ ਬਾਖੂਬੀ ਨਿਭਾਈ। ਇਸ ਮੌਕੇ ਸਰਪੰਚ ਹਰਭਜਨ ਸਿੰਘ, ਸੋਹਣ ਸਹਿਜਲ, ਗਿਆਨ ਸਿੰਘ, ਅਮਰਜੀਤ ਜੀਤੀ, ਰੀਨਾ ਮੰਡੇਰ ਆਦਿ ਵੀ ਹਾਜ਼ਰ ਸਨ।





# ਯੂਨੀਅਨ ਸਰਕਾਰ ਦੀ ਵਾਅਦਾ ਖਿਲਾਫੀ ਹੋਣ ਤੇ ਦੁਬਾਰਾ ਹੜਤਾਲ ਕਰਨ ਲਈ ਤਿਆਰ – ਕੁਲਵੰਤ ਸੈਣੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਿਊਂਸੀਪਲ ਐਕਸ਼ਨ ਕਮੇਟੀ ਦੇ ਸਰਪ੍ਰਸਤ ਕੁਲਵੰਤ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ, ਜਿਸ ਵਿੱਚ 21 ਮਈ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ 'ਤੇ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਮੁਲਾਜ਼ਮਾਂ ਨੇ ਸਰਕਾਰ ਦੇ ਕੰਮਕਾਜ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਇੱਕ ਮਹੀਨੇ ਦਾ ਸਮਾਂ ਮੰਗਣ ਦੇ ਬਾਵਜੂਦ ਅਜੇ ਤੱਕ ਕੋਈ ਮੀਟਿੰਗ ਨਹੀਂ ਹੋਈ। ਕੁਲਵੰਤ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਨੇ 21 ਮਈ ਤੋਂ ਬਾਅਦ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਚਾਰ ਮੀਟਿੰਗਾਂ ਰਾਹੀਂ ਮੁੱਦਿਆਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਇੱਕ ਵੀ ਮੀਟਿੰਗ ਨਹੀਂ ਹੋਈ।



ਇਸ ਨਾਲ ਮੁਲਾਜ਼ਮਾਂ ਵਿੱਚ ਨਿਰਾਸ਼ਾ ਅਤੇ ਗੁੱਸਾ ਵਧ ਰਿਹਾ ਹੈ। ਉਨ੍ਹਾਂ ਆਰੋਪ ਲਗਾਇਆ ਕਿ ਸਰਕਾਰ ਜਾਣਬੁੱਝ ਕੇ ਟਾਲ-ਮਟੋਲ ਦੀ ਨੀਤੀ ਅਪਣਾ ਰਹੀ ਹੈ। ਮੀਟਿੰਗ ਵਿੱਚ ਮੌਜੂਦ ਮੁਲਾਜ਼ਮਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਸਮੇਂ ਸਿਰ ਹੱਲ ਨਾ ਕੀਤਾ ਗਿਆ ਤਾਂ ਉਹ ਇੱਕ ਹੋਰ ਹੜਤਾਲ ਕਰਨ ਲਈ ਮਜਬੂਰ ਹੋਣਗੇ, ਜਿਸ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗੀ। ਇਸ ਮੌਕੇ ਸੋਮਨਾਥ ਆਦੀਆ, ਵਿਕਰਮਜੀਤ ਬੰਟੀ, ਪਰਵੀਨ ਕੁਮਾਰ, ਲਲਿਤ ਕੁਮਾਰ, ਨਰੇਸ਼ ਕੁਮਾਰ, ਈਸ਼ਵਰ ਸੈਣੀ, ਅਮਨਦੀਪ, ਪਰਮਜੀਤ ਅਤੇ ਨਰੇਸ਼ ਕੁਮਾਰ ਸਮੇਤ ਹੋਰ ਮੈਂਬਰ ਮੌਜੂਦ ਸਨ।

# ਸ਼੍ਰੀ ਗੁਰੂ ਅਰਜਨ ਦੇਵ ਜੀਓ

ਮੈਂ ਸੁਣਿਐਂ ਤੇਰੇ ਤੋਂ ਹੋਇਆ ਸੀ ਆਗਾਜ਼ ਸ਼ਹੀਦਾਂ ਦਾ ।
ਤੈਨੂੰ ਅਜੇ ਵੀ ਦੁਨੀਆਂ ਮਨਦੀ ਐ ਸਿਰਤਾਜ ਸ਼ਹੀਦਾਂ ਦਾ ।
ਸ਼੍ਰੀ ਗੁਰੂ ਅਰਜਨ ਦੇਵ ਜੀਓ , ਧੰਨ ਗੁਰੂ ਅਰਜਨ ਦੇਵ ਜੀਓ ।
ਤੂੰ ਨਾਨਕ ਦੀ ਪੰਜਵੀਂ ਜੋਤ ਸੀ ਭਾਨੀ ਮਾਂ ਦਾ ਜਾਇਆ ।
ਤਪਦੀ ਦੁਨੀਆਂ ਠਾਰਨ ਲਈ ਸੀ ਤੂੰ ਧਰਤੀ 'ਤੇ ਆਇਆ ।
ਅੱਜ ਵੀ ਕੀਰਤਨ ਰੂਪ 'ਚ ਸੁਣਦੈ ਓਹੀ ਸਾਜ਼ ਸ਼ਹੀਦਾਂ ਦਾ ।
ਚੰਦੂ ਪਾਪੀ ਨੇ ਸੀ ਲੂਤੀਆਂ ਜਹਾਂਗੀਰ ਨੂੰ ਲਾਈਆਂ ।
ਇੱਕ ਦੀਆਂ ਸਨ ਸੌ ਸੌ ਝੂਠੀਆਂ ਗੱਲਾਂ ਜਦੋਂ ਬਣਾਈਆਂ ।
ਤੂੰ ਸਿੱਖੀ ਸਿਰ ਸੀ ਰੱਖ ਵਿਖਾਇਆ ਤਾਜ ਸ਼ਹੀਦਾਂ ਦਾ ।
ਤੂੰ ਨਾ ਮੁੱਖੋਂ ਸੀਅ ਉੱਚਰੀ ਸੀ ਤੱਤੀ ਤਵੀ 'ਤੇ ਬਹਿ ਕੇ ।
ਸੱਚਿਆ ਪਾਤਸ਼ਾਹ ਤੇਰਾ ਭਾਣਾ ਮਿੱਠਾ ਲਗਦੈ ਕਹਿ ਕੇ ।
ਤਾਂ ਹੀ ਲੋਕ ਦਿਲਾਂ 'ਤੇ ਚਲਦੈ ਅੱਜ ਵੀ ਰਾਜ ਸ਼ਹੀਦਾਂ ਦਾ ।
ਤੱਤੀ ਤਵੀ ਤੇ ਤੱਤੀ ਰੇਤ ਦਾ ਅਸਰ ਨਾ ਦਿਸਿਆ ਕੋਈ ।
ਐਪਰ ਜਿਸ ਨੇ ਵੇਖਿਆ ਸੁਣਿਆਂ ਹਰ ਇੱਕ ਦੀ ਅੱਖ ਰੋਈ ।
ਸਾਰੇ ਜੱਗ ਤੋਂ ਵੱਖਰਾ ਹੁੰਦਾ ਹੈ , ਅੰਦਾਜ਼ ਸ਼ਹੀਦਾਂ ਦਾ ।
ਹੌਲ਼ੀ ਹੌਲ਼ੀ ਪਿੰਡ ਰੰਚਣਾਂ ਭੁੱਲਿਆ ਤੇਰੀ ਕੁਰਬਾਨੀ ਨੂੰ ।
ਬੱਸ ਇੱਕੋ ਦਿਨ ਸ਼ਬੀਲਾਂ ਲਾ ਕੇ , ਸਫ਼ਲ ਕਰੇ ਜ਼ਿੰਦਗਾਨੀ ਨੂੰ ।
ਸਾਥੋਂ ਮੂਲ਼ ਕੀ ਮੁੜਨੈਂ , ਮੁੜਿਆ ਨਹੀਂ ਵਿਆਜ ਸ਼ਹੀਦਾਂ ਦਾ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
99148366037

## "ਜੇ ਰੁਕ ਗਏ ਤਾਂ ਪੰਧ ਮੁੱਕਣਾ ਨਹੀਂ "

ਕਲਮ ਦਾ ਐਸਾ ਸਫਰ ਹੈ ਲੋਕੋ ਜੋ ਰੋਕਿਆਂ ਕਦੇ ਨਹੀਂ ਰੁੱਕ ਸਕਦਾ।
ਬਾਕੀ ਸਫਰ ਤਾਂ ਮੁੱਕ ਜਾਂਦੇ ਪਰ ਇਹ ਸਫਰ ਨਹੀਂ ਮੁੱਕ ਸਕਦਾ॥
ਲਿਖਾਰੀ ਦਾ ਹਥਿਆਰ ਕਲਮ ਹੈ ਇਸ ਨੂੰ ਨਹੀਂ ਕੋਈ ਫੜ ਸਕਿਆ।
ਵਿੱਚ ਅਦਾਲਤਾਂ ਕੇਸ ਲੜੀਦੇ ਪਰ ਕਲਮ ਨਾ ਕੋਈ ਨੀ ਲੜ ਸਕਿਆ॥
ਇਕ ਲਿਖਾਰੀ ਕਲਮ ਨਾਲ ਹੀ ਵਲਵਲੇ ਦਿਲ ਦੇ ਲਿਖਦਾ ਹੈ।
ਜੇਕਰ ਕਲਮ ਨੂੰ ਕੋਈ ਤੋੜਨਾ ਚਾਹੇ ਉਹ ਇਸ ਤੋਂ ਵੀ ਕੁਝ ਸਿੱਖਦਾ ਹੈ॥
ਕੋਝੀਆਂ ਚਾਲਾਂ ਚਲ ਚਲ ਕੇ ਕਲਮ ਨੂੰ ਜੇ ਕੋਈ ਫੜਦਾ ਹੈ।
ਇਹ ਨਿਰੰਤਰ ਚਲਦੀ ਰਹਿੰਦੀ ਆਪਣੇ ਤਾਬੂਤ ਚ ਮੇਖਾਂ ਜੜਦਾ ਹੈ॥
ਥਾਂ ਥਾਂ ਮੀਟਿੰਗਾਂ ਹੁੰਦੀਆਂ ਨੇ ਕਿ ਪਾਬੰਦੀ ਕਲਮ ਤੇ ਲਾਓ ਨਾ।
ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿਣੀਆਂ ਐਡਾ ਕਹਿਰ ਕਮਾਓ ਨਾ॥
ਚੰਗਿਆਈਆਂ ਬੁਰਿਆਈਆਂ ਲਿਖਦੀ ਕਲਮ ਅੱਕਦੀ ਨਾ ਕਦੇ ਥੱਕਦੀ।
ਕਦੇ ਨਾ ਕਿਸੇ ਨੂੰ ਠੇਸ ਪਹੁੰਚਾਉਂਦੀ ਸਤਿਕਾਰ ਸੱਭ ਲਈ ਦਿਲ ਵਿੱਚ ਰੱਖਦੀ॥
ਕਲਮ ਤੇ ਪਾਬੰਦੀ ਲਾ ਕੇ ਦੱਸੋ ਕਿਹੜਾ ਰਣ ਜਿਤਨਾ ਚਾਹੁੰਦੇ ਹੋ?
ਕਰਨ ਵਾਲੇ ਕੰਮ ਹੋਰ ਬਥੇਰੇ ਕਿਉ ਇਧਰ ਹੱਥ ਅਜਮਾਉਂਦੇ ਹੋ?
ਸ਼ਰਮੇ ਦੀ ਕਰੇ ਕਲਮ ਬੇਨਤੀ ਸਾਥੀਓ ਲਿਖਣੋਂ ਕਦੇ ਵੀ ਰੁਕਣਾ ਨਹੀਂ।
ਜ਼ਿੰਦਗੀ ਦਾ ਹੈ ਪੰਧ ਲਮੇਰਾ ਜੇ ਰੁਕ ਗਏ ਤਾਂ ਮੁੱਕਣਾ ਨਹੀਂ॥



ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਸ਼ਹੀਦਾਂ ਦੇ ਸਿਰਤਾਜ – ਗੁਰੂ ਅਰਜਨ ਦੇਵ ਜੀ ਨੂੰ ਨਮਨ

ਧੰਨ ਉਹ ਜੋਤ ਅਰਜਨ ਦੀ, ਧੰਨ ਉਹ ਉੱਚਾ ਨਾਮ,
ਜਿਸ ਨੇ ਜੱਗ ਨੂੰ ਬਖ਼ਸ਼ਿਆ, ਸੱਚ-ਧਰਮ ਦਾ ਧਾਮ।
ਬਾਣੀ ਦੇ ਮੋਤੀ ਚੁਣ-ਚੁਣ, ਇੱਕ ਸਾਗਰ ਅਜਿਹਾ ਰਚਿਆ,
ਸੰਤਾਂ-ਭਗਤਾਂ ਦੀ ਬਾਣੀ ਨੂੰ, ਇੱਕ ਮਾਲਾ ਵਿੱਚ ਗੁੱਥਿਆ।
ਹਰਿਮੰਦਰ ਦੇ ਸਰੋਵਰ ਵਿੱਚ, ਸ਼ਾਂਤੀ-ਦੀਪ ਜਗਾਇਆ,
ਮਨੁੱਖਤਾ ਦੇ ਮੱਥੇ ਉੱਤੇ, ਪਿਆਰ ਦਾ ਚੰਦ ਚਮਕਾਇਆ।
ਨਾ ਕੋਈ ਉੱਚਾ, ਨਾ ਕੋਈ ਨੀਵਾਂ, ਅਮਰ ਸੰਦੇਸ਼ ਸੁਣਾਇਆ,
ਇੱਕ ਪਿਤਾ ਦੇ ਹਮ ਸਭ ਬਾਲਕ, ਜੱਗ ਨੂੰ ਰਾਹ ਦਿਖਾਇਆ।
ਤੱਤੀ ਤਵੀ ਦੇ ਉੱਤੇ ਬੈਠ ਕੇ ਵੀ, ਸੀਸ ਨਾ ਤੁਸੀਂ ਝੁਕਾਇਆ,
"ਤੇਰਾ ਭਾਣਾ ਮਿੱਠਾ ਲਾਗੇ" ਦਾ, ਜੱਗ ਨੂੰ ਮਾਰਗ ਦਿਖਾਇਆ।
ਉੱਬਲਦੀ ਰੇਤ ਦੇ ਕਣ-ਕਣ ਵਿੱਚ, ਧੀਰਜ ਦੇ ਫੁੱਲ ਖਿੜਾਏ,
ਜ਼ੁਲਮਾਂ ਦੇ ਘੁੱਪ ਹਨੇਰਿਆਂ ‘ਚ, ਤੁਸੀਂ ਸੱਚ-ਸੂਰਜ ਚੜ੍ਹਾਇਆ।
ਸ਼ਹਾਦਤ ਨੂੰ ਪਰਵਾਨ ਕਰ ਕੇ, ਮਨੁੱਖਤਾ ਦਾ ਮਾਣ ਵਧਾਇਆ,
ਧਰਮ ਹੇਤ ਸੀਸ ਵਾਰਨ ਦਾ, ਤੁਸੀਂ ਅਮਰ ਸਬਕ ਸਿਖਾਇਆ।
ਆਦਿ ਗ੍ਰੰਥ ਦੇ ਪਾਵਨ ਪੰਨਿਆਂ ਵਿੱਚ, ਨੂਰ ਤੁਹਾਡਾ ਵੱਸਦਾ ਹੈ,
ਹਰ ਇੱਕ ਸ਼ਬਦ ਦੇ ਅੰਦਰ ਅੱਜ ਵੀ, ਸੱਚ ਦਾ ਚਾਨਣ ਹੱਸਦਾ ਹੈ।
ਸਦੀਆਂ ਬੀਤ ਗਈਆਂ ਪਰ ਅੱਜ ਵੀ, ਜੱਗ ਤੁਹਾਨੂੰ ਧਿਆਵੇ ਹੈ,
ਗੁਰੂ ਅਰਜਨ ਦੇਵ ਜੀਓ ਦਾ ਨਾਮ, ਹਰ ਦਿਲ ਅੰਦਰ ਵੱਸਾਵੇ ਹੈ।
ਆਓ ਅਸੀਂ ਵੀ ਸਿੱਖੀਏ ਕੁੱਝ, ਸਹਿਣਾ ਤੇ ਸਿਰ ਨਿਵਾਉਣਾ ਜੀ,
ਸੱਚ, ਦਇਆ ਤੇ ਸੇਵਾ ਰਾਹੀਂ, ਇਹ ਜੀਵਨ ਸਫਲ ਬਣਾਉਣਾ ਜੀ।
ਧੰਨ ਸ਼ਹੀਦਾਂ ਦੇ ਸਿਰਤਾਜ ਤੁਸੀਂ, ਧੰਨ ਤੁਹਾਡੀ ਕੁਰਬਾਨੀ ਜੀ,
ਜਦ ਤੱਕ ਰਹੇ ਇਹ ਜਗਤ ਜਲੰਦਾ, ਗੂੰਜੇ ਤੁਹਾਡੀ ਬਾਣੀ ਜੀ।



ਰਮੇਸ਼ਵਰ ਸਿੰਘ

## ਬੋਲ ਪੰਜਾਬੀ

ਆਪਣੀ ਬੋਲੀ ਬੋਲਣੋ ਕਿਉਂ ਸ਼ਰਮਾਵੇਂ
ਮਾਣ ਨਾਲ ਹਰ ਥਾਂ ਤੇ ਤੂੰ ਬੋਲ ਪੰਜਾਬੀ।

ਆਖ ਕੇ ਅਨਪੜ ਪੇਂਡੂ ਬੋਲੀ
ਪੈਰਾਂ ਥੱਲੇ ਨਾ ਤੂੰ ਰੋਲ ਪੰਜਾਬੀ।

ਮੁਹਾਵਰੇ ਖਾਣਾ ਦਾ ਤਾਜ ਸਜਾਵੇ
ਬੋਲੀ ਹੈ ਬਹੁਤ ਅਣਮੋਲ ਪੰਜਾਬੀ।

ਸਕੂਨ ਨਾਲ ਦੇਖੀਂ ਤੂੰ ਭਰ ਜਾਵੇਂਗਾ
ਇੱਕ ਵਾਰ ਤਾਂ ਪਿਆਰ ਨਾਲ ਬੋਲ ਪੰਜਾਬੀ।


ਤੇਰੀ ਆਪਣੀ ਮਾਂ ਬੋਲੀ ਹੈ
ਗੈਰਾਂ ਨਾਲ ਨਾ ਤੂੰ ਤੋਲ ਪੰਜਾਬੀ।

ਅੱਖਰ-ਅੱਖਰ ਲਫਜ਼-ਲਫਜ਼ ਮੁਹੱਬਤ ਭਰਿਆ
ਮੁਹੱਬਤ ਦੀ ਬੋਲੀ ਤੂੰ ਬੋਲ ਪੰਜਾਬੀ।

ਮਾਣ ਨਾਲ ਤੂੰ ਬੋਲ ਪੰਜਾਬੀ
ਹਰ ਥਾਂ ਤੇ ਤੂੰ ਬੋਲ ਪੰਜਾਬੀ।

ਜਸ਼ਨਪ੍ਰੀਤ ਕੌਰ
ਜਮਾਤ ਬਾਰਵੀਂ
ਕਾਮਰਸ
ਪੀਐਮ ਸ਼੍ਰੀ ਸ ਸ ਸ
ਸਕੂਲ, ਲਹਿਲ ਕਲਾਂ
(ਸੰਗਰੂਰ)





# ਸਾਈਂ ਪੱਪਲ ਸ਼ਾਹ ਭਰੋ ਮਜਾਰਾ ਇੰਗਲੈਂਡ ਦੌਰੇ ਤੋਂ ਵਤਨ ਪਰਤੇ

**ਫਗਵਾੜਾ 17 ਜੂਨ (ਚਰਨਜੀਤ ਸੱਲ੍ਹਾ )**ਸਾਈਂ ਪੱਪਲ ਸ਼ਾਹ ਭਰੋ ਮਜਾਰਾ ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਜੋ ਪਿਛਲੇ ਸਮੇਂ ਸਤਿਗੁਰੂ ਰਵਿਦ-ਾਸ ਮਹਾਰਾਜ ਜੀ ਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਸਮਾਗਮਾਂ ਚ ਪ੍ਰਚਾਰ ਕਰਨ ਲਈ ਇੰਗਲੈਂਡ ਦੇ ਦੌਰੇ ਤੇ ਸਨ ਅੱਜ ਆਪਣੇ ਵਤਨ ਵਾਪਸ ਪਰਤ ਆਏ ਹਨ। ਸਾਈਂ ਪੱਪਲ ਸ਼ਾਹ ਜੀ ਦੇ ਵਾਪਸ ਆਉਣ ਤੇ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਹਨਾਂ ਦੱਸਿਆ ਕਿ ਇੰਗਲੈਂਡ ਦੇ ਪ੍ਰਸਿੱਧ ਸ਼ਹਿਰਾਂ ਬੈੱਡਫੋਰਡ, ਬਰਮਿੰਘਮ, ਵੂਲਵਰਹੈਂਪਟਨ ਦੇ ਬਿਲਸਟਨ ਤੇ ਡਾਰਲਸਟਨ ਆਦਿ ਸ਼ਹਿਰਾਂ ਵਿੱਚ ਹੋਏ ਵੱਖ ਵੱਖ ਸਮਾਗਮਾਂ



ਵਿਚ ਹਾਜ਼ਰੀਆਂ ਭਰੀਆਂ ਤੇ ਸਮੂਹ ਸੰਗਤਾਂ ਨੂੰ ਆਪਣੇ ਵਿਚਾਰਾ ਤੇ ਰਚਨਾਵਾਂ ਨਾਲ ਰਹਿਬਰਾਂ ਦੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਇਆ। ਉਹਨਾਂ ਵਿਸ਼ੇਸ਼ ਤੌਰ ਤੇ ਸਤਿਗੁਰੂ ਰਵਿਦਾਸ ਸਭਾ ਬੈੱਡਫੋਰਡ ਦੇ ਪ੍ਰਧਾਨ ਜਸਵਿੰਦਰ ਕੁਮਾਰ ਨਿਗਾਹ, ਗੀਤਕਾਰ ਬਲਵਿੰਦਰ ਭਰੋਲੀ, ਸਚਦੇਵ ਗੋਲਡੀ, ਪਵਨ ਕੁਮਾਰ, ਪਰਮਜੀਤ ਪਵਾਰ, ਹਰਬੰਸ ਸ਼ੌਂਕੀ ਪ੍ਰਧਾਨ ਅਮ੍ਰਿਤ ਬਾਣੀ ਰਵਿਦਾਸੀਆ ਕਮਿਊਨਟੀ ਸੈਂਟਰ, ਲਛਮਣ ਦਾਸ ਜੱਸੀ, ਕੈਲਾਸ਼ ਕਲੇਰ, ਸੁਭਾਸ਼ ਖੰਗੂੜਾ , ਸੰਜੀਵ ਮੱਲ ਦੁਸਾਂਝ, ਬਿੱਟੂ ਮੁਠੱਡਾ ਕਲਾਂ, ਬਲਦੇਵ ਚੁੰਬਰ ਤੇ ਲਖਵਿੰਦਰ ਬਸਰਾ ਗੁਰਚਰਨ ਲੰਗਾਹ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਸਮਾਗਮਾਂ ਚ ਸਾਈ ਪੱਪਲ ਸ਼ਾਹ ਦਾ ਬਹੁਤ ਸਹਿਯੋਗ ਕੀਤਾ ਤੇ ਦੱਸਿਆ ਕਿ ਸਮੂਹ ਸੰਗਤਾਂ ਵਲੋਂ ਵੀ ਪਿਛਲੇ ਸਮਾਗਮਾਂ ਨਾਲੋਂ ਵੀ ਵੱਧ ਪਿਆਰ ਦਿੱਤਾ ਜਿਸ ਦਾ ਮੈਂ ਸਦਾ ਰਿਣੀ ਰਹਾਂਗਾ।

# ਜਿੱਤ ਮਗਰੋਂ ਐਮਸੀ ਮਨਜੀਤ ਸਿੰਘ ਬੱਬਲ ਨੇ ਗੁਰੂ ਚਰਨਾਂ ਵਿੱਚ ਕੀਤਾ ਸ਼ੁਕਰਾਨਾ

## ਸਾਰੇ ਕੌਂਸਲਰਾਂ ਨੂੰ ਨਾਲ ਲੈ ਕੇ ਕਰਾਂਗੇ ਸ਼ਹਿਰ ਦੇ ਵਿਕਾਸ ਕਾਰਜ- ਡਾ. ਸੁੱਖੀ

**ਬੰਗਾ 17 ਜੂਨ( ਚਰਨਜੀਤ ਸੱਲ੍ਹਾ )** ਬੰਗਾ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਵਾਰਡ ਨੰਬਰ 12 ਤੋਂ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ ਕੌਂਸਲਰ ਮਨਜੀਤ ਸਿੰਘ ਬੱਬਲ ਵੱਲੋਂ ਆਪਣੀ ਜਿੱਤ ਦੀ ਖੁਸ਼ੀ ਅਤੇ ਗੁਰੂ ਮਹਾਰਾਜ ਜੀ ਦੀਆਂ ਬਖ਼ਸ਼ਿਸ਼ਾਂ ਲਈ ਸ਼ੁਕਰਾਨੇ ਵਜੋਂ ਧਾਰਮਿਕ ਸਮਾਗਮ ਕਰਵਾਇਆ ਗਿਆ।

ਇਹ ਸਮਾਗਮ ਗੁਰਦੁਆਰਾ ਪੰਥ ਮਾਤਾ ਸਾਹਿਬ ਕੌਰ ਬੰਗਾ ਵਿਖੇ ਆਯੋਜਿਤ ਕੀਤਾ ਗਿਆ, ਜਿੱਥੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ।

ਉਪਰੰਤ ਰਾਗੀ ਜਥੇ ਭਾਈ ਸੁਖਦੇਵ ਸਿੰਘ ਦੇ ਕੀਰਤਨੀ ਜਥੇ ਵੱਲੋਂ ਗੁਰੂ ਮਹਾਰਾਜ ਜੀ ਦੀ ਇਲਾਹੀ ਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ, ਜਿਸ ਨਾਲ ਹਾਜ਼ਰ ਸੰਗਤਾਂ ਨੇ ਆਤਮਿਕ ਅਨੰਦ ਪ੍ਰਾਪਤ ਕੀਤਾ ਅਤੇ ਗੁਰੂ ਚਰਨਾਂ ਵਿੱਚ ਨਤਮ-ਸਤਕ ਹੋ ਕੇ ਅਰਦਾਸ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਹਲਕਾ ਬੰਗਾ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਜਿੱਥੇ ਗੁਰੂ ਘਰ ਪੁੱਜਕੇ ਅਸ਼ੀਰਵਾਦ ਕੀਤਾ ਉੱਥੇ ਸ਼ੁਕਰਾਨਾ ਕਰਦਿਆਂ ਕਿਹਾ ਕਿ ਜੋ ਸ਼ਹਿਰ ਵਾਸੀਆਂ ਨੇ ਵੋਟਾਂ ਰਾਹੀਂ ਉਹਨਾਂ ਤੇ ਵਿਸ਼ਵਾਸ਼ ਕੀਤਾ ਹੈ ਉਹ ਉਸ ਵਿਸ਼ਵਾਸ਼ ਤੇ ਖਰੇ ਉਤਰਦਿਆਂ ਸਮੂਹ ਕੌਂਸਲਰਾਂ ਨੂੰ ਨਾਲ ਲੈ ਸ਼ਹਿਰ ਦੇ ਵਿਕਾਸ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ। ਉਹਨਾਂ ਇਸ ਮੌਕੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਸਮੂਹ



**ਕੌਂਸਲਰ ਮਨਜੀਤ ਸਿੰਘ ਬੱਬਲ ਦਾ ਸਨਮਾਨ ਕਰਦੇ ਹੋਏ ਹਲਕਾ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਹੋਰ।**

ਕੌਂਸਲਰਾਂ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਐਮਸੀ ਮਨਜੀਤ ਸਿੰਘ ਬੱਬਲ ਨੇ ਸਮੂਹ ਵੋਟਰਾਂ ਸਪੋਟਰਾਂ ਅਤੇ ਸ਼ਹਿਰ ਨਿਵਾਸੀਆਂ ਦਾ ਦਿਲੋਂ ਧੰਨਵਾਦ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਵਾਰਡ ਵਾਸੀਆਂ ਨੇ ਉਨ੍ਹਾਂ ’ਤੇ ਜੋ ਭਰੋਸਾ ਜਤਾਉਂਦਿਆਂ ਉਨ੍ਹਾਂ ਨੂੰ ਸੇਵਾ ਦਾ ਮੌਕਾ ਦਿੱਤਾ ਹੈ, ਉਹ ਉਸ ਭਰੋਸੇ ’ਤੇ ਪੂਰੀ ਤਰ੍ਹਾਂ ਖਰਾ ਉਤਰਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਵਾਰਡ ਦੀਆਂ ਬੁਨਿਆਦੀ ਅਤੇ ਲੋਕ ਭਲਾਈ ਨਾਲ ਸੰਬੰਧਿਤ ਸਮੱਸਿਆਵਾਂ ਦੇ ਹੱਲ ਲਈ ਉਹ ਹਮੇਸ਼ਾ ਲੋਕਾਂ ਦੇ ਵਿਚ ਰਹਿ ਕੇ ਕੰਮ ਕਰਨਗੇ ਅਤੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ’ਤੇ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਜਿੱਤ ਉਨ੍ਹਾਂ ਦੀ ਨਿੱਜੀ ਜਿੱਤ ਨਹੀਂ, ਸਗੋਂ ਸਮੂਹ ਵਾਰਡ ਵਾਸੀਆਂ ਦੀ ਜਿੱਤ ਹੈ ਅਤੇ ਉਹ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਉਤਰਣ ਲਈ ਪੂਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ। ਇਸ ਮੌਕੇ ਪ੍ਰਮੁੱਖ ਸਖਸ਼ੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਗਤਾਂ ਲਈ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਹਣ ਲਾਲ ਢੰਡਾ, ਹਰਦੇਵ ਸਿੰਘ ਬੇਦੀ, ਜਸਵਿੰਦਰ ਸਿੰਘ ਮਾਨ ਐਮਸੀ, ਹਿੰਮਤ ਤੇਜਪਾਲ ਐਮਸੀ, ਨਰਿੰਦਰਜੀਤ ਰੱਤੂ ਐਮਸੀ, ਰਾਜਵਿੰਦਰ ਕੌਰ ਐਮਸੀ, ਮੀਨੂੰ ਅਰੋੜਾ ਐਮਸੀ, ਅੰਮ੍ਰਿਤਪਾਲ ਸਿੰਘ, ਅਮਰਜੀਤ ਖਟਕੜ ਸਾਬਕਾ ਜਿਲ੍ਹਾ ਸਿਖਿਆ ਅਫਸਰ, ਜਤਿੰਦਰ ਸਿੰਘ ਮਾਨ, ਪ੍ਰਭਜੋਤ ਸਿੰਘ, ਹਰਦੀਪ ਸਿੰਘ, ਰਾਹੁਲ ਅਰੋੜਾ, ਰਣਵੀਰ ਸਿੰਘ ਰਾਣਾ, ਪਰਮਵੀਰ ਸਿੰਘ, ਮਨਜਿੰਦਰ ਸਿੰਘ, ਸੁਖਵਿੰਦਰ ਸਿੰਘ, ਹਰਪਾਲ ਸਿੰਘ ਸਿੱਧੂ, ਅਵਤਾਰ ਸਿੰਘ ਭੋਲਾ, ਅਮਰੀਕ ਸਿੰਘ ਸੋਨੀ ਐਮਸੀ, ਸੁਰਜੀਤ ਸਿੰਘ ਸਰਪੰਚ, ਜੀਤ ਸਿੰਘ ਭਾਟੀਆ, ਮੁਕੇਸ਼ ਕੁਮਾਰ ਘਈ, ਮੋਨਿਕਾ ਵਾਲੀਆ ਐਮਸੀ, ਗੁਰਿੰਦਰਜੀਤ ਸਿੰਘ ਬਾਂਸਲ, ਹਰਭਜਨ ਸਿੰਘ, ਸਾਗਰ ਅਰੋੜਾ, ਖੁਸ਼ਵਿੰਦਰ ਸਿੰਘ, ਬਲਦੇਵ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਸੰਗਤਾਂ ਹਾਜ਼ਰ ਸਨ।

# ਨਸ਼ਾ ਮੁਕਤ ਭਾਰਤ ਅਭਿਆਨ: ਵਧੀਕ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਸਹੁੰ ਚੁਕਾਈ ਗਈ

## ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ 16 ਤੋਂ 26 ਜੂਨ ਤੱਕ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਇੱਕ ਅਹਿਮ ਪਹਿਲਕਦਮੀ ਕੀਤੀ ਗਈ ਹੈ। ਇਸ ਮੁਹਿੰਮ ਦੇ ਤਹਿਤ ਵਧੀਕ ਡਿਪਟੀ ਕ ਮਿ ਸ਼ ਨ ਰ (ਏ.ਡੀ.ਸੀ.) ਸੰਜੀਵ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਸ਼ਿਆਂ ਵਿਰੁੱਧ ਡਟਣ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਸਹੁੰ ਚੁਕਾਈ ਗਈ। ਇਹ ਅਭਿਆਨ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਯਤਨਾਂ ਸਦਕਾ ਚਲਾਇਆ ਜਾ ਰਿਹਾ ਹੈ। ਏਡੀਸੀ ਸੰਜੀਵ



ਸ਼ਰਮਾ ਨੇ ਦੱਸਿਆ ਕਿ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਲਗਾਤਾਰ ਜਾਗਰੂਕਤਾ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ। ਇਸ ਵਾਰ 16 ਜੂਨ ਤੋਂ 26 ਜੂਨ ਤੱਕ ਇੱਕ ਵਿਸ਼ੇਸ਼ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ ਵਿੱਚ ਔਨਲਾਈਨ ਮਾਸ ਪਲੈੱਜ ਕੰਪੇਨ, ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਅਤੇ ਲੇਖ ਮੁਕਾਬਲੇ ਕਰਵਾਏ ਜਾਣਗੇ। ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਅਤੇ ਹੋਰ ਰਚਨਾਤਮਕ ਕੰਮਾਂ ਵੱਲ ਪ੍ਰੇਰਿਤ ਕਰਨਾ ਹੈ। ਇਹ ਸਾਰੀਆਂ ਗਤੀਵਿਧੀਆਂ ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ 'ਤੇ ਕਾਲਜਾਂ ਅਤੇ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਕਰਵਾਈਆਂ ਜਾਣਗੀਆਂ ਤਾਂ ਜੋ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕੇ। ਇਸ ਦੌਰਾਨ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸੀ।

for more news visit:
www.samajweekly.com

# ਸਹਾਇਕ ਕਮਿਸ਼ਨਰ ਜਨਰਲ ਨੇ ਜ਼ਿਲ੍ਹੇ ਦੇ ਦਫਤਰਾਂ ਨਾਲ ਸਬੰਧਤ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੇਸਾਂ ਦੀ ਸਥਿਤੀ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਨਿਰਦੇਸ਼ਾਂ ਅਨੁਸਾਰ, ਸਹਾਇਕ ਕਮਿਸ਼ਨਰ (ਜਨਰਲ) ਰਮਨਜੀਤ ਨੇ ਅੱਜ ਦਫਤਰ ਡਿਪਟੀ ਕਮਿਸ਼ਨਰ, ਐਸ.ਡੀ.ਐਮ, ਤਹਿਸੀਲ ਅਤੇ ਹੋਰ ਦਫਤਰਾਂ ਨਾਲ ਸਬੰਧਤ ਮਾਨਯੋਗ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੀ ਸਮੀਖਿਆ ਲਈ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕੀਤੀ।ਮੀਟਿੰਗ ਦੌਰਾਨ ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਵਿਚਾਰ ਅਧੀਨ ਕੇਸਾਂ ਦੀ ਪੜਤਾਲ ਕੀਤੀ ਗਈ ਅਤੇ ਕੇਸਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਲਈ ਗਈ। ਸਹਾਇਕ ਕਮਿਸ਼ਨਰ ਜਨਰਲ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਦਾਲਤਾਂ ਦੇ ਹੁਕਮਾਂ ਦੀ ਸਖਤੀ ਨਾਲ ਪਾਲਣਾ



ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਅਦਾਲਤਾਂ ਵਿੱਚ ਸਮੇਂ ਸਿਰ ਜਵਾਬ-ਦਾਅਵੇ, ਰਿਪਲਾਈ ਅਤੇ ਫਾਈਲਾਂ ਜਮ੍ਹਾਂ ਕਰਵਾਈਆਂ ਜਾਣ ਤਾਂ ਜੋ ਕਿਸੇ ਵੀ ਕੇਸ ਵਿੱਚ ਪ੍ਰਸ਼ਾਸਨ ਵੱਲੋਂ ਕੋਈ ਕਮੀ ਨਾ ਰਹੇ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮਾਨਯੋਗ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੀ ਪੈਰਵਾਈ ਲਈ ਨਿਰਧਾਰਤ ਮਿਤੀਆਂ 'ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਕੇਸਾਂ ਦੇ ਨਿਪਟਾਰੇ ਵਿੱਚ ਦੇਰੀ ਦੇ ਕਾਰਨਾਂ ਦੀ ਵੀ ਸਮੀਖਿਆ ਕੀਤੀ ਗਈ ਅਤੇ ਭਵਿੱਖ ਵਿੱਚ ਅਜਿਹੀ ਦੇਰੀ ਤੋਂ ਬਚਣ ਲਈ ਪੁਖਤਾ ਪ੍ਰਬੰਧ ਕਰਨ ਲਈ ਕਿਹਾ ਗਿਆ। ਇਸ ਮੌਕੇ ਉਪ ਜ਼ਿਲ੍ਹਾ ਅਟਾਰਨੀ ਅਸ਼ੋਕ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ, ਜਿਨ੍ਹਾਂ ਨੇ ਆਪਣੇ-ਆਪਣੇ ਦਫਤਰਾਂ ਨਾਲ ਸਬੰਧਤ ਕੇਸਾਂ ਦੀ ਰਿਪੋਰਟ ਪੇਸ਼ ਕੀਤੀ।

# ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਐਡਵੋਕੇਟ ਰਾਜਿੰਦਰ ਮੰਡ ਦੀ ਮੌਤ 'ਤੇ ਸ਼ੋਕ ਸਭਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ )** ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਨਵਾਂ ਜ਼ਮਾਨਾ ਅਖ਼ਬਾਰ ਦੀ ਸੰਸਥਾ, ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਟਰੱਸਟੀ ਐਡਵੋਕੇਟ ਰਾਜਿੰਦਰ ਸਿੰਘ ਮੰਡ ਦੀ ਅੱਜ ਦਇਆ ਨੰਦ ਹਸਪਤਾਲ, ਲੁਧਿਆਣਾ ਵਿਖੇ ਹੋਈ ਮੌਤ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੰਗਾਮੀ ਸ਼ੋਕ ਬੈਠਕ ਉਪਰੰਤ ਹਾਜ਼ਰ ਮੈਂਬਰਾਂ ਅਤੇ ਦਫ਼ਤਰ ਪੁੱਜੇ ਸ਼ੋਕ ਸੁਨੇਹਿਆਂ ਮੁਤਾਬਕ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਨੇ ਦੱਸਿਆ ਕਿ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹ-ਾਸ, ਲਾਇਬ੍ਰੇਰੀ, ਮਿਊਜ਼ੀਅਮ, ਆਡਿਟ ਅਤੇ ਦੇਖਰੇਖ ਕਮੇਟੀ ਦੇ ਕ੍ਰਮਵਾਰ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਹਰਵਿੰਦਰ ਭੰਡਾਲ, ਸੁਰਿੰਦਰ ਕੁਮਾਰੀ ਕੋਛੜ ਅਤੇ ਰਣਜੀਤ ਸਿੰਘ ਔਲਖ



ਤੋਂ ਇਲਾਵਾ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ, ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਰਾਜਿੰਦਰ ਮੰਡ ਦੇ ਪਰਿਵਾਰ, ਸਾਕ-ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਪਰਿਵਾਰਕ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਉਹਨਾਂ ਦੀ ਮ੍ਰਿਤਕ ਦੇਹ, ਸੰਭਾਲ ਘਰ ਵਿੱਚ ਰੱਖੀ ਗਈ ਹੈ ਅਤੇ ਅੰਤਿਮ ਵਿਦਾਇਗੀ ਸਬੰਧੀ ਜਾਣਕਾਰੀ ਬਾਅਦ ਵਿੱਚ ਸਾਂਝੀ ਕੀਤੀ ਜਾਏਗੀ।

# ਸੀਨੀਅਰ ਪੱਤਰਕਾਰ ਮਨਜੀਤ ਸਿੰਘ ਦੇ ਘਰ ਪੋਤੀ ਦੇ ਜਨਮ 'ਤੇ ਖੁਸ਼ੀ ਦਾ ਮਾਹੌਲ ਢੋਲ- ਢਮੱਕਿਆ ਨਾਲ ਕੀਤਾ ਨਿੱਕੀ ਪਰੀ ਦਾ ਸਵਾਗਤ

**ਹੁਸ਼ਿਆਰਪੁਰ,/ਮੁਕੇਰੀਆਂ 17 ਜੂਨ ( ਤਰਸੇਮ ਦੀਵਾਨਾ ) –** ਸੀਨੀਅਰ ਪੱਤਰਕਾਰ ਮਨਜੀਤ ਸਿੰਘ ਦੇ ਪਰਿਵਾਰ ਵਿੱਚ ਉਸ ਸਮੇਂ ਖੁਸ਼ੀ ਦੀ ਲਹਿਰ ਦੌੜ ਗਈ, ਜਦੋਂ ਉਨ੍ਹਾਂ ਦੇ ਘਰ ਇੱਕ ਪਿਆਰੀ ਜਿਹੀ ਪੋਤੀ ਨੇ ਜਨਮ ਲਿਆ। ਦਾਦਾ ਬਣਨ ਦੀ ਖੁਸ਼ੀ ਵਿੱਚ ਮਨਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਆਪਣੀ ਨੂੰਹ/ਬੇਟੀ (ਰਾਣੀ) ਅਤੇ ਨਵਜੰਮੀ ਬੱਚੀ ਦਾ ਹਸਪਤਾਲ ਤੋਂ ਘਰ ਆਉਣ 'ਤੇ ਭਰਵਾਂ ਸਵਾਗਤ ਕੀਤਾ।ਪਰਿਵਾਰ ਵੱਲੋਂ ਬੱਚੀ ਨੂੰ ਢੋਲ-ਢਮੱਕਿਆ ਅਤੇ ਵਾਜਿਆਂ-ਗਾਜਿਆਂ ਨਾਲ ਨੱਚਦੇ-ਗਾਉਂਦੇ ਹੋਏ ਘਰ ਲਿਆਂਦਾ ਗਿਆ। ਇਸ ਮੌਕੇ ਪੂਰੇ ਪਰਿਵਾਰ ਵਿੱਚ ਉਤਸ਼ਾਹ ਅਤੇ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਪਰਿਵਾਰ ਦੇ ਇਸ ਸਲਾਹੁਣਯੋਗ ਕਦਮ ਨੇ ਸਮਾਜ ਵਿੱਚ ਧੀਆਂ ਨੂੰ ਬੋਝ ਸਮਝਣ ਵਾਲਿਆਂ ਅਤੇ ਗਰਭ ਵਿੱਚ ਧੀਆਂ ਦਾ ਕਤਲ ਕਰਨ ਵਾਲੇ ਲੋਕਾਂ ਨੂੰ ਇੱਕ ਕਰਾਰਾ ਤੇ ਸਕਾਰਾਤਮਕ ਸੁਨੇਹਾ ਦਿੱਤਾ ਹੈ ਕਿ ਧੀਆਂ ਕੁਲ ਦਾ ਨਾਂ ਰੌਸ਼ਨ ਕਰਦੀਆਂ ਹਨ। ਇਸ ਖੁਸ਼ੀ ਦੇ ਮੌਕੇ 'ਤੇ ਜਿੱਥੇ



ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਮੌਜੂਦ ਸਨ, ਉੱਥੇ ਹੀ ਮੁਕੇਰੀਆਂ ਦੇ ਸਿਵਲ ਹਸਪਤਾਲ ਦੇ ਐਸ.ਐਮ.ਓ. (ਸ਼੍ਰੀ) ਅਤੇ ਉਨ੍ਹਾਂ ਦੀ ਪੂਰੀ ਮੈਡੀਕਲ ਟੀਮ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਨਵਜੰਮੀ ਬੱਚੀ ਤੇ ਪਰਿਵਾਰ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਪਰਿਵਾਰ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ ਅਤੇ ਹਰ ਕੋਈ ਧੀ ਦੇ ਜਨਮ ਨੂੰ ਇਸ ਤਰ੍ਹਾਂ ਤਿਉਹਾਰ ਵਾਂਗ ਮਨਾਉਣ ਦੀ ਸ਼ਲਾਘਾ ਕਰ ਰਿਹਾ ਹੈ।

**ਫੋਟੋ ਅਜਮੇਰ ਦੀਵਾਨਾ**

# ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਆਂਗਨਵਾੜੀ ਸੈਂਟਰ ਲਿੱਧੜ ਵਿੱਚ ਲਗਾਇਆ ਗਿਆ ਕੈਂਪ

**ਹੁਸ਼ਿਆਰਪੁਰ,/ਹਾਜੀਪੁਰ 17 ਜੂਨ (ਤਰਸੇਮ ਦੀਵਾਨਾ)** – ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੇ ਸਸ਼ਕਤੀਕਰਨ ਅਤੇ ਆਰਥਿਕ ਸੁਰੱਖਿਆ ਲਈ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕ-ਾਰ ਯੋਜਨਾ ਤਹਿਤ ਅੱਜ ਤੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਹਾਜੀਪੁਰ ਆਂਗਨਵਾੜੀ ਸੈਂਟਰ ਲਿੱਧੜ (ਅਰਬੋਵਾਲ)ਵਿਖੇ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਹਾਜੀਪੁਰ ਆਂਗਨਵਾੜੀ ਸੈਂਟਰ ਲਿੱਧੜ (ਅਰਬੋਵਾਲ) ਦੀ ਵਰਕਰ ਬਨੀਤਾ ਦੇਵੀ ਨੇ ਦੱਸਿਆ ਕਿ ਮਹਿਲਾਵਾਂ ਦੀ ਰਜਿਸਟ੍ਰੇਸ਼ਨ ਲਈ ਵੱਖ-ਵੱਖ ਥਾਵਾਂ 'ਤੇ ਕੈਂਪ ਲਗਾਏ ਗਏ ਹਨ। ਯੋਜਨਾ ਦਾ ਲਾਭ ਪ੍ਰਾਪਤ ਕਰਨ ਲਈ ਮਹਿਲਾਵਾਂ ਨੂੰ ਆਪਣੇ ਲੋੜੀਂਦੇ ਦਸਤਾਵੇਜ਼ ਜਿਵੇਂ ਕਿ ਆਧਾਰ ਕਾਰਡ, ਜਾਤੀ ਪ੍ਰਮਾਣ-ਪੱਤਰ, ਬੈਂਕ ਖਾਤੇ ਦੀ ਜਾਣਕਾਰੀ ਅਤੇ ਹੋਰ ਲੋੜੀਂਦੇ ਦਸਤਾਵੇਜ਼ ਨਾਲ ਲਿਆਉਣ ਲਈ ਕਿਹਾ ਗਿਆ। ਉਨ੍ਹਾਂ ਦੱਸਿਆ ਕਿ ਯੋਜਨਾ ਅਧੀਨ 18 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਅਤੇ ਲੜਕੀਆਂ ਨੂੰ ਸਿੱਧੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਤਹਿਤ ਅਨੁਸੂਚਿਤ ਜਾਤੀ



(ਐੱਸ.ਸੀ.) ਵਰਗ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਅਤੇ ਜਨਰਲ ਵਰਗ ਦੀਆਂ ਮਹਿਲਾਵਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਜਮ੍ਹਾਂ ਕਰਵਾਈ ਜਾਵੇਗੀ। ਇਸ ਸਮੇਂ ਮਹਿਲਾਵਾਂ ਦੇ ਫਾਰਮ ਵੀ ਭਰੇ ਗਏ ਅਤੇ ਉਨ੍ਹਾਂ ਸਮੂਹ ਮਹਿਲਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਿਰਧਾਰਤ ਕੈਂਪਾਂ ਵਿੱਚ ਪਹੁੰਚ ਕੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਪੰਜਾਬ ਸਰਕਾਰ ਦੀ ਇਸ ਲੋਕ-ਭਲਾਈ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC) ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**
LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), ... (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (BRUISES) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਮੁੱਖ ਮੰਤਰੀ ਭਗਵੰਤ ਮਾਨ ਨੂੰ ਅਹੁਦੇ ’ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ : ਲਾਲੀ ਬਾਜਵਾ,ਐਡਵੋਕੇਟ ਭਾਰਦਵਾਜ



**ਹੁਸ਼ਿਆਰਪੁਰ, 17 ਜੂਨ ( ਤਰਸੇਮ ਦੀਵਾਨਾ )** – ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ’ਤੇ ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਦੇ ਗੰਭੀਰ ਆਰੋਪ ਲਗਾਉਂਦਿਆਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਜਤਿੰਦਰ ਸਿੰਘ ਲਾਲੀ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗੁਰੂ ਸਾਹਿਬਾਨਾ ਦੀ ਤਸਵੀਰ ’ਤੇ ਸ਼ਰਾਬ ਦੇ ਛਿੱਟੇ ਪਾਉਣ ਦੀ ਕਥਿਤ ਵੀਡੀਓ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਰਗੇ ਸਿੱਖ ਬਹੁਗਿਣਤੀ ਸੂਬੇ ਦਾ ਮੁੱਖ ਮੰਤਰੀ ਹੋ ਕੇ ਅਜਿਹੀ ਘਿਨੌਣੀ ਹਰਕਤ ਕਰਨ ਬਾਰੇ ਕੋਈ ਪੰਜਾਬੀ ਸੁਪਨੇ ਵਿੱਚ ਵੀ ਨਹੀਂ ਸੋਚ ਸਕਦਾ। ਇਸ ਮੌਕੇ ਐਸ.ਸੀ. ਵਿੰਗ ਦੇ ਕੌਮੀ ਜਨਰਲ ਸਕੱਤਰ ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ ਨੇ ਮੁੱਖ ਮੰਤਰੀ ਦੇ ਬਿਆਨਾਂ ’ਤੇ ਸਵਾਲ ਚੁੱਕਦਿਆਂ ਕਿਹਾ "ਇੱਕ ਪਾਸੇ ਮੁੱਖ ਮੰਤਰੀ ਕਹਿ ਰਹੇ ਹਨ ਕਿ ਉਹ ਵੀਡੀਓ ਵਿੱਚ ਮੌਜੂਦ ਨਹੀਂ ਹਨ ਅਤੇ ਦੂਜੇ ਪਾਸੇ ਇਸ ਨੂੰ 'ਏ.ਆਈ.' (Aritifical Intelilgence) ਤਕਨੀਕ ਨਾਲ ਬਣਾਈ ਨਕਲੀ ਵੀਡੀਓ ਦੱਸ ਰਹੇ ਹਨ। ਪਰ ਫੋਰੈਂਸਿਕ ਲੈਬ ਦੀ ਰਿਪੋਰਟ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੱਤਾ ਹੈ।"ਉਨ੍ਹਾਂ ਕਿਹਾ ਕਿ ਗੁਰੂ ਨਾਨਕ ਨਾਮ ਲੇਵਾ ਸੰਗਤ ਇਸ ਅਪਮਾਨ ਲਈ ਭਗਵੰਤ ਮਾਨ ਨੂੰ ਕਦੇ ਮੁਆਫ਼ ਨਹੀਂ ਕਰੇਗੀ। ਉਹਨਾਂ ਇਸ ਘਟਨਾ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਜਿਹੀ ਮਾਨਸਿਕਤਾ ਵਾਲੇ ਮੁੱਖ ਮੰਤਰੀ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੱਤਾ ਤੋਂ ਲਾਂਭੇ ਕਰਕੇ ਸਬਕ ਸਿਖਾਇਆ ਜਾਵੇ। ਅਕਾਲੀ ਆਗੂਆਂ ਨੇ ਸਾਂਝੇ ਤੌਰ ’ਤੇ ਕਿਹਾ ਕਿ ਮੌਜੂਦਾ ਮੁੱਖ ਮੰਤਰੀ ਨੈਤਿਕਤਾ ਦੇ ਆਧਾਰ ’ਤੇ ਆਪਣੀ ਗੱਦੀ ਛੱਡ ਦੇਣ ਕਿਉਂਕਿ ਉਹ ਇਸ ਪਵਿੱਤਰ ਅਹੁਦੇ ਦੇ ਲਾਇਕ ਨਹੀਂ ਰਹੇ।

**ਫੋਟੋ ਅਜਮੇਰ ਦੀਵਾਨਾ**

## ਅਵਾਰਾ ਕੁੱਤਿਆਂ ਨੂੰ ਦੂਰ ,ਅਵਾਰਾ /ਬੇਸਹਾਰਾ ਪਸ਼ੂਆਂ ਗਊਸ਼ਾਲਾਵਾਂ ਭੇਜਣ ਅਤੇ ਸ਼ਹਿਰ ਦਾ ਸੀਵਰੇਜ, ਸੜਕਾਂ ਤੇ ਸਫ਼ਾਈ ਦਾ ਪ੍ਰਬੰਧ ਸੁਧਾਰਨ ਲਈ ਵਫ਼ਦ ਈ ਓ ਸੰਗਰੂਰ ਨੂੰ ਮਿਲਿਆ



**ਸੰਗਰੂਰ:- 17 ਜੂਨ**
ਸ਼ਹਿਰ ਸੰਗਰੂਰ ਵਿਚ ਅਵਾਰਾ ਕੁੱਤਿਆਂ, ਪਸ਼ੂਆਂ ਅਤੇ ਸ਼ਹਿਰ ਵਿਚ ਵੱਖ ਵੱਖ ਥਾਵਾਂ ਤੇ ਲੱਗੇ ਕੂੜੇ ਦੇ ਢੇਰਾਂ ਨੂੰ ਚੁਕਵਾਉਣ , ਲੀਕ ਸੀਵਰੇਜ ,ਟੁੱਟੀਆਂ /ਖੱਡਿਆਂ ਵਾਲੀਆਂ ਸੜਕਾਂ ਅਤੇ ਸਫਾਈ ਦੇ ਮਾੜੇ ਪ੍ਰਬੰਧ ਨੂੰ ਸੁਧਾਰਨ ਲਈ ਅੱਜ ਸੰਗਰੂਰ ਸ਼ਹਿਰ ਵਿਕਾਸ ਮੰਚ ਦਾ ਇੱਕ ਭਰਵਾਂ ਵਫ਼ਦ ਕਾਰਜਸਾਧਕ ਅਫਸਰ(ਓ) ਸ਼੍ਰੀ ਅਸ਼ਵਨੀ ਕੁਮਾਰ ਨੂੰ ਮਿਲਿਆ।ਮੰਚ ਦੇ ਮੈਂਬਰ ਅਮ੍ਰਿਤ ਗਰਗ,ਮਨਧੀਰ ਸਿੰਘ, ਬਸ਼ੇਸ਼ਰ ਰਾਮ ਤੇ ਮਾਸਟਰ ਪਰਮਵੇਦ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਈ ਓ ਸੰਗਰੂਰ ਨਾਲ ਸੁਖਾਵੇਂ ਮਹੌਲ ਤੇ ਲੰਬੀ ਗਲਬਾਤ ਦੁਰਾਨ ਹੋਈ ਮੀਟਿੰਗ ਬਾਰੇ ਦੱਸਿਆ ਕਿ ਈ ਓ ਸੰਗਰੂਰ ਨੇ ਦੱਸਿਆ ਕਿ ਝਨੇੜੀ ਗਊਸ਼ਾਲਾ ਐਸਡੀਐਮ ਭਵਾਨੀਗੜ੍ਹ ਅਧੀਨ ਹੈ ਉਨ੍ਹਾਂ ਤੋਂ ਜਲਦੀ ਇਜਾਜ਼ਤ ਲੈ ਕੇ ਛੇਤੀ ਹੀ ਅਵਾਰਾ ਪਸ਼ੂਆਂ ਨੂੰ ਝਨੇੜੀ ਗਊਸ਼ਾਲਾ ਵਿਚ ਛੱਡ ਦਿੱਤਾ ਜਾਵੇਗਾ। ਅਵਾਰਾ ਕੁੱਤਿਆਂ ਬਾਰੇ ਕਿਹਾ ਕਿ ਇਨ੍ਹਾਂ ਲਈ ਜਲਦੀ ਥਾਂ ਤਲਾਸ਼ ਕੇ,ਸ਼ੈਲਟਰ ਹਾਊਸ ਬਣਾ ਕੇ ਗਲੀਆਂ, ਮੁਹੱਲਿਆਂ ਤੇ ਜਨਤਕ ਥਾਵਾਂ ਤੋਂ ਚੁੱਕ ਕੇ ਸ਼ੈਲਟਰ ਹਾਊਸ ਵਿੱਚ ਲਿਆਂਦਾ ਜਾਵੇਗਾ ।ਕੂੜੇ ਦੇ ਢੇਰਾਂ ਬਾਰੇ ਕਿਹਾ ਕਿ ਜਿਨ੍ਹਾਂ ਥਾਵਾਂ ਤੇ ਕੂੜੇ ਦੇ ਢੇਰ ਪਏ ਹਨ, ਜਲਦੀ ਚੁਕਵਾਏ ਜਾਣਗੇ, ਜਿਥੇ ਲੋਕ ਸੜਕਾਂ ਉਪਰ ਹੀ ਪਸ਼ੂਆਂ ਨੂੰ ਚਾਰਾ ਪਾਉਂਦੇ ਹਨ, ਉਸ ਬਾਰੇ ਕਿਹਾ ਕਿ ਉਥੇ ਚਾਰਾ ਨਾ ਪਾਉਣ ਲਈ ਬੈਨਰ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਸੀਵਰੇਜ ਤੇ ਸੜਕਾਂ ਦੀ ਮੁਰੰਮਤ ਸ਼ੁਰੂ ਹੈ। ਪੂਨੀਆ ਕਲੋਨੀ ਦੀਆਂ ਸਲਿਪ ਰੋਡਜ ਦੀ ਸਫਾਈ ਅਤੇ ਪੱਕਾ ਸਫਾਈ ਸੇਵਕ ਦੇਣ ਦਾ ਭਰੋਸਾ ਦਿਵਾਇਆ।

ਵਫ਼ਦ ਵਿੱਚ ਉਪਰੋਕਤ ਤੋਂ ਇਲਾਵਾ ਸਰਵ ਸ਼੍ਰੀ ਬਹਾਦਰ ਲੌਂਗੋਵਾਲ, ਐਡਵੋਕੇਟ ਖੇਮ ਚੰਦ ਰਾਓ,ਗੁਰਜੰਟ ਸਿੰਘ ਬਾਜਵਾ, ਕੇਵਲ ਸ਼ਰਮਾਂ, ਹਰਜੀਤ ਸਿੰਘ ਨੇ ਸ਼ਮੂਲੀਅਤ ਕੀਤੀ।

**ਵਿਕਾਸ ਮੰਚ ਸੰਗਰੂਰ ਸ਼ਹਿਰ**
**ਮਨਧੀਰ ਸਿੰਘ**
**ਮੈਂਬਰ**
**ਮਾਸਟਰ ਪਰਮਵੇਦ**
**9417422349**

# ਬੇਗਮਪੁਰਾ ਟਾਈਗਰ ਫੋਰਸ ਵੱਲੋਂ ਰਾਜਾ ਵੜਿੰਗ ਨੂੰ ਤਿੱਖੀ ਚੇਤਾਵਨੀ "ਐਸ.ਸੀ. ਕਮਿਸ਼ਨ ਦੇ ਸਾਹਮਣੇ ਪੇਸ਼ ਹੋਣਾ ਹੀ ਪਵੇਗਾ

**ਰਾਜਾ ਵੜਿੰਗ ਨੂੰ ਐਸੀ ਸਮਾਜ ਆਪਣੀ ਦਹਿਲੀਜ਼ ਤੇ ਪੈਰ ਨਹੀਂ ਰੱਖਣ ਦੇਵੇਗਾ : ਬੀਰਪਾਲ,ਨੇਕੂ,ਹੈਪੀ,ਬੰਟੀ**



**ਹੁਸ਼ਿਆਰਪੁਰ, 17 ਜੂਨ ( ਤਰਸੇਮ ਦੀਵਾਨਾ )** – ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਬੇਗਮਪੁਰਾ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ ਦੀ ਪ੍ਰਧਾਨਗੀ ਹੇਠ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਉਨ ਹੁਸ਼ਿਆਰਪੁਰ ਵਿਖ਼ੇ ਇੱਕ ਹੰਗਾਮੀ ਮੀਟਿੰਗ ਕੀਤੀ ਗਈ ! ਮੀਟਿੰਗ ਵਿੱਚ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ, ਤੇ ਬੰਟੀ ਹਰਿਆਣਾ ਪ੍ਰਧਾਨ ਹਲਕਾ ਸ਼ਾਮ ਚੁਰਾਸੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ! ਮੀਟਿੰਗ ਵਿੱਚ ਬੋਲਦਿਆਂ ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਕਾਂਗਰਸ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਸਵਰਗਵਾਸੀ ਮਾਸਟਰ ਬੂਟਾ ਸਿੰਘ ਵਾਰੇ ਸਟੇਜ ਤੋਂ ਵਰਤੀ ਗਈ ਭੱਦੀ ਅਤੇ ਜਾਤੀਸੂਚਕ ਸ਼ਬਦਾਵਲੀ ਨੇ ਐਸਸੀ ਸਮਾਜ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਸੀ । ਉਹਨਾ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਨੇ ਰਾਜਾ ਵੜਿੰਗ ਵੱਲੋਂ ਮਾਸਟਰ ਬੂਟਾ ਸਿੰਘ ਦੇ ਰੰਗ-ਰੂਪ ਨੂੰ ਲੈ ਕੇ ਕੀਤੀ ਗਈ ਟਿੱਪਣੀ ਨੂੰ ਸਮੁੱਚੇ ਐਸ.ਸੀ. (ਅਨੁਸੂਚਿਤ ਜਾਤੀ) ਸਮਾਜ ਦੀ ਤੌਹੀਨ ਕਰਾਰ ਦਿੰਦਿਆਂ ਰਾਜਾ ਵੜਿੰਗ ਖ਼ਿਲਾਫ਼ ਸੰਘਰਸ਼ ਵਿੱਢਿਆ ਜਾਵੇਗਾ । ਉਹਨਾਂ ਕਿਹਾ ਕਿ ਰਾਜਾ ਬੜਿੰਗ ਵੱਲੋਂ ਕੀਤੀ ਗਈ ਸ਼ਰਮਨਾਕ ਬਿਆਨਬਾਜ਼ੀ ਦਾ ਸਵੈ-ਨੋਟਿਸ (ਸ਼ੁੋੋਟੂ) ਲੈਂਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਰਾਜਾ ਵੜਿੰਗ ਨੂੰ ਤਲਬ ਕੀਤਾ ਗਿਆ ਸੀ। ਪਰ ਰਾਜਾ ਵੜਿੰਗ ਲਗਾਤਾਰ ਕਈ ਪੇਸ਼ੀਆਂ ਲੰਘ ਜਾਣ ਦੇ ਬਾਵਜੂਦ ਖੁਦ ਅਦਾਲਤ ਵਿੱਚ ਪੇਸ਼ ਨਹੀਂ ਹੋਇਆ ਅਤੇ ਆਪਣੇ ਵਕੀਲਾਂ ਨੂੰ ਭੇਜ ਕੇ ਕਾਨੂੰਨ ਨੂੰ ਟਾਲ ਰਿਹਾ ਹੈ । ਉਹਨਾਂ ਕਿਹਾ ਕਿ , ਰਾਜਾ ਵੜਿੰਗ ਸਟੇਜਾਂ 'ਤੇ ਚੜ੍ਹ ਕੇ ਬੜ੍ਹਕਾਂ ਮਾਰ ਰਿਹਾ ਹੈ ਅਤੇ ਸੰਘ ਪਾੜ ਕੇ ਕਹਿ ਰਿਹਾ ਹੈ ਕਿ "ਨਾ ਮੈਂ ਅੱਜ ਜਾਵਾਂ ਐਸ.ਸੀ. ਕਮਿਸ਼ਨ ਦੇ ਕੋਰਟ ਵਿੱਚ, ਤੇ ਨਾ ਮੈਂ ਕੱਲ ਜਾਵਾਂ, ਚੇਅਰਮੈਨ ਜਸਵੀਰ ਸਿੰਘ ਗੜ੍ਹੀ ਜੋ ਕਰਨਾ ਆ ਕਰ ਲਵੇ। ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਰਾਜਾ ਵੜਿੰਗ ਵੱਲੋਂ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਇਸ ਕਰਕੇ ਵੰਗਾਰਿਆ ਜਾ ਰਿਹਾ ਹੈ ਕਿਉਂਕਿ ਉਹ ਇੱਕ ਸਵੈਮਾਣੀ ਰਵਿਦਾਸੀਆ ਸਮਾਜ ਨਾਲ ਸਬੰਧ ਰੱਖਦੇ ਹਨ। ਇਹ ਰਾਜਾ ਵੜਿੰਗ ਦੀ ਹੰਕਾਰੀ ਅਤੇ ਐਸ.ਸੀ. ਵਿਰੋਧੀ ਮਾਨਸਿਕਤਾ ਦਾ ਸਬੂਤ ਹੈ। ਪਰ ਉਹ ਇਹ ਨਾ ਭੁੱਲੇ ਕਿ ਸੰਵਿਧਾਨ ਅਤੇ ਕਾਨੂੰਨ ਸਭ ਲਈ ਬਰਾਬਰ ਹੈ, ਉਹਨਾਂ ਕਿਹਾ ਕਿ ਰਾਜਾ ਵੜਿੰਗ ਨੂੰ ਇੱਕ ਨਾ ਇੱਕ ਦਿਨ ਕਮਿਸ਼ਨ ਦੀ ਕਚਹਿਰੀ ਵਿੱਚ ਪੇਸ਼ ਹੋਣਾ ਹੀ ਪਵੇਗਾ। ਫੋਰਸ ਦੇ ਆਗੂਆਂ ਨੇ ਰਾਜਾ ਵੜਿੰਗ ਨੂੰ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਰਾਜਾ ਵੜਿੰਗ ਦਾ ਜਿੱਥੇ ਵੀ ਕੋਈ ਵੀ ਸਿਆਸੀ ਜਾਂ ਨਿੱਜੀ ਪ੍ਰੋਗਰਾਮ ਹੋਵੇਗਾ, ਉੱਥੇ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਇਸਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਰਾਜਾ ਵੜਿੰਗ ਆਉਣ ਵਾਲੇ ਸਮੇਂ ਵਿੱਚ ਜਿਸ ਵੀ ਹਲਕੇ ਤੋਂ ਚੋਣ ਲੜੇਗਾ ਐਸਸੀ ਸਮਾਜ ਵਲੋ ਉਸਦਾ ਦਾ ਡੱਟਕੇ ਵਿਰੋਧ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਐਸ.ਸੀ. ਸਮਾਜ ਹੁਣ ਰਾਜਾ ਵੜਿੰਗ ਨੂੰ ਆਪਣੇ ਬੂਹੇ ਦੀ ਦਹਿਲੀਜ਼ 'ਤੇ ਪੈਰ ਨਹੀਂ ਰੱਖਣ ਦੇਵੇਗਾ। ਉਹਨਾਂ ਕਿਹਾ ਕਿ "ਐਸਸੀ ਸਮਾਜ ਦੇ ਰਹਿਬਰਾਂ ਅਤੇ ਮਹਾਪੁਰਸ਼ਾਂ ਦਾ ਅਪਮਾਨ ਕਰਨ ਵਾਲੇ ਕਿਸੇ ਵੀ ਆਗੂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਪਨ ਬਸੀ ਕਲਾ, ਅਨਮੋਲ ਗੋਕਲ ਨਗਰ, ਅਮਨ,ਆਕਾਸ਼ ਸੁੰਦਰ ਨਗਰ, ਰਜੇਸ਼ ਸ਼੍ਰੀ ਗੁਰੂ ਰਵਿਦਾਸ ਨਗਰ, ਅੰਕੁਸ਼ ਨਿਊ ਫਤਿਹਗੜ੍ਹ, ਕੁਲਵੰਤ ਰਿਹਾਣਾ ਕਲਾਂ, ਗੁਰਮੀਤ ਸਿੰਘ ਨਲੋਈਆ, ਰਵੀ ਬੁੱਲੋਵਾਲ, ਲੱਕੀ, ਨਲੋਈਆ, ਗੁਰਮੁਖ ਨਲੋਈਆ ਚੌਂਕ, ਹੈਪੀ ਬਾਗਪੁਰ, ਰਾਮ ਮੂਰਤੀ ਸ਼ੇਰਪੁਰ, ਵੰਸ਼ ਮੁਸਤਾਪੁਰ ਕਪਾਹਟ, ਮੋਨੂੰ ਬਲਵੀਰ ਕਲੋਨੀ, ਬਿੱਲਾ ਬਾਗ-ਪੁਰ, ਗੌਤਮ, ਦੀਪ, ਜੱਸੀ ਬਲਵੀਰ ਕਲੋਨੀ, ਮਨੀ, ਰਵੀ ਸੁੰਦਰ,ਨਿੱਕੂ ਸੁੰਦਰ ਨਗਰ, ਵਿਸ਼ਾਲ ਰਹੀਮਪੁਰ, ਰਾਜਵੀਰ ਚੌਟਾਲਾ, ਅਮਨਦੀਪ ਕੌਂਡਲਾ, ਰੋਹਿਤ ਬੱਧਣ ਨਾਰਾ, ਸੰਦੀਪ, ਗਗਨ ਨਾਰਾ, ਰਾਹੁਲ ਕਲੋਤਾ, ਰਮਨ, ਸੁਖਜਿੰਦਰ, ਰਵਿੰਦਰਾ, ਬਲਵੀਰ ਸਿੰਘ ਆਦਿ ਹਾਜ਼ਰ ਸਨ !

for more news visit:
www.samajweekly.com

# ਫੋਰੈਂਸਿਕ ਰਿਪੋਰਟ ਦੇ ਅਧਾਰ 'ਤੇ ਮੁੱਖ ਮੰਤਰੀ ਮਾਨ ਖ਼ਿਲਾਫ਼ ਕਾਰਵਾਈ ਅਤੇ ਅਸਤੀਫ਼ੇ ਦੀ ਮੰਗ: ਅਕਾਲੀ ਦਲ ਵਾਰਿਸ ਪੰਜਾਬ ਨੇ ਫੂਕਿਆ ਪੁਤਲਾ







**ਨਵਾਂ ਸ਼ਹਿਰ, 17 ਜੂਨ (ਜਤਿੰਦਰ ਪਾਲ ਸਿੰਘ ਕਲੇਰ)** : ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਵੱਲੋਂ ਅੱਜ ਨਵਾਂ ਸ਼ਹਿਰ ਵਿਖੇ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਇਕੱਤਰ ਹੋਏ ਪ੍ਰਦਰਸ਼ਨਕਾਰੀਆਂ ਅਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਿਲਾ ਪ੍ਰਧਾਨ ਪ੍ਰਗਟ ਸਿੰਘ ਰਾਹੋਂ, ਮੀਤ ਪ੍ਰਧਾਨ ਸਤਪਾਲ ਖਾਲਸਾ ਅਤੇ ਜਨਰਲ ਸਕੱਤਰ ਪ੍ਰਵੇਸ਼ ਖੌਸਲਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਸੰਬੰਧਿਤ ਵਿਵਾਦਿਤ ਵੀਡੀਓ ਮਾਮਲੇ ਵਿੱਚ ਹੁਣ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ ਅਤੇ ਸਾਫ ਹੋ ਗਈ ਹੈ । ਉਨ੍ਹਾਂ ਕਿਹਾ ਕਿ ਫੋਰੈਂਸਿਕ ਜਾਂਚ ਦੀਆਂ ਰਿਪੋਰਟਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਉਕਤ ਵੀਡੀਓ ਨਾਲ ਕਿਸੇ ਕਿਸਮ ਦੀ ਐਡੀਟਿੰਗ, ਟੈਂਪਰਿੰਗ, ਡੀਪਫੇਕ ਤਕਨੀਕ ਜਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਕੋਈ ਛੇੜਛਾੜ ਨਹੀਂ ਕੀਤੀ ਗਈ, ਜਿਸ ਨਾਲ ਮੁੱਖ ਮੰਤਰੀ ਵੱਲੋਂ ਪਹਿਲਾਂ ਕੀਤੇ ਗਏ ਦਾਅਵਿਆਂ ਦੀ ਸੱਚਾਈ 'ਤੇ ਸਵਾਲ ਖੜ੍ਹੇ ਹੋ ਗਏ ਹਨ। ਸਿੱਖ ਧਰਮ ਵਿੱਚ ਗੁਰੂ ਸਾਹਿਬਾਨਾਂ, ਭਗਤਾਂ ਅਤੇ ਸੰਤਾਂ-ਮਹਾਂਪੁਰਖਾਂ ਦਾ ਸਤਿਕਾਰ ਸਿੱਖ ਜੀਵਨ ਦਾ ਕੇਂਦਰੀ ਅਸੂਲ ਹੈ ਅਤੇ ਇਸ ਵੀਡੀਓ ਨਾਲ ਸਮੁੱਚੀ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚੀ ਹੈ।

ਇਸੇ ਗੰਭੀਰ ਮਾਮਲੇ ਨੂੰ ਲੈ ਕੇ ਜਥੇਬੰਦੀ ਵੱਲੋਂ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨਵਾਂ ਸ਼ਹਿਰ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ ਹੈ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਫੋਰੈਂਸਿਕ ਰਿਪੋਰਟ ਅਤੇ ਉਪਲਬਧ ਤੱਥਾਂ ਦੇ ਆਧਾਰ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ਿਲਾਫ਼ ਬਣਦੀਆਂ ਕਾਨੂੰਨੀ ਧਾਰਾਵਾਂ ਤਹਿਤ ਤੁਰੰਤ ਪਰਚਾ ਦਰਜ ਕੀਤਾ ਜਾਵੇ। ਇਸ ਪਰਚੇ ਦੀ ਤਫਤੀਸ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਕਿਸੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਸੁਤੰਤਰ, ਨਿਰਪੱਖ ਅਤੇ ਸਮਾਬੱਧ ਢੰਗ ਨਾਲ ਕਰਵਾਈ ਜਾਵੇ। ਇਸ ਦੇ ਨਾਲ ਹੀ ਜਾਂਚ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੈਤਿਕ ਆਧਾਰ 'ਤੇ ਆਪਣੇ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇਣ। ਮੰਗ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਾਂਚ ਦੌਰਾਨ ਕਿਸੇ ਵੀ ਤਰ੍ਹਾਂ ਦੇ ਸਿਆਸੀ, ਪ੍ਰਸ਼ਾਸਕੀ ਜਾਂ ਸਰਕਾਰੀ ਪ੍ਰਭਾਵ ਨੂੰ ਰੋਕਣ ਲਈ ਵਿਸ਼ੇਸ਼ ਨਿਗਰਾਨੀ ਪ੍ਰਬੰਧ ਕੀਤੇ ਜਾਣ ਅਤੇ ਇਸ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਲੋਕਾਂ ਅਤੇ ਸਿੱਖ ਕੌਮ ਦੇ ਮਨਾਂ ਵਿੱਚ ਉੱਠ ਰਹੇ ਸਵਾਲਾਂ ਦਾ ਨਿਰਪੱਖ ਤੇ ਭਰੋਸੇਯੋਗ ਜਵਾਬ ਮਿਲ ਸਕੇ। ਜਥੇਬੰਦੀ ਨੇ ਉਮੀਦ ਜਤਾਈ ਕਿ ਇਸ ਅਤਿ ਸੰਵੇਦਨਸ਼ੀਲ ਮਾਮਲੇ ਵਿੱਚ ਲੋਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਸੰਵਿਧਾਨਕ ਜ਼ਿੰਮੇਵਾਰੀ ਤਹਿਤ ਲੋੜੀਂਦੀ ਦਖ਼ਲਅੰਦਾਜ਼ੀ ਕੀਤੀ ਜਾਵੇਗੀ।

ਇਸ ਰੋਸ ਪ੍ਰਦਰਸ਼ਨ ਅਤੇ ਮੰਗ ਪੱਤਰ ਸੌਂਪਣ ਦੇ ਮੌਕੇ ਵੱਡੀ ਗਿਣਤੀ ਵਿੱਚ ਜਥੇਬੰਦੀ ਦੇ ਆਗੂ ਤੇ ਵਰਕਰ ਹਾਜ਼ਰ ਸਨ, ਜਿਨ੍ਹਾਂ ਵਿੱਚ ਪਰਮਜੀਤ ਸਿੰਘ, ਬਲਦੇਵ ਖੌਸਲਾ, ਨਰਾਇਣ ਚੰਦ, ਗੁਰਮੁਖ ਸਿੰਘ ਮਹਿਮੂਦਪੁਰ, ਸਰਬਜੀਤ ਸਿੰਘ ਮੰਡੇਰ, ਲਖਵੀਰ ਸਿੰਘ, ਸੁਖਵਿੰਦਰ ਸਿੰਘ ਸਿਆਣਾ, ਸੋਢੀ ਓਮ ਪ੍ਰਕਾਸ਼, ਸੋਢੀ ਕੰਗਣਾ ਬੇਟ ਤੇ ਲਖਵੀਰ ਸਿੰਘ, ਸਮਸ਼ੇਰ ਸਿੰਘ ਤੇ ਅਜੇ ਕੰਗਣਾ, ਸੁਰਿੰਦਰ ਸਿੰਘ, ਜੋਗੇਸ਼ ਜੋਸ਼, ਪਰਮਜੀਤ ਸਿੰਘ ਖਾਲਸਾ, ਅਮਰੀਕ ਸਿੰਘ ਰਾਏ, ਗੁਰਦੇਵ ਸਿੰਘ, ਜੋਗਾ ਸਿੰਘ, ਗੁਰਪ੍ਰੀਤ ਕੌਰ, ਕੁਲਵਿੰਦਰ ਸਿੰਘ ਮਾਣ, ਨਿਸਾਨ ਸਿੰਘ ਖੋਜਾ, ਓਂਕਾਰ ਸਿੰਘ ਖੋਜਾ ਅਤੇ ਵਰਿੰਦਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

# ਐਨ ਸੀ ਓ ਆਰ ਡੀ ਸਬੰਧੀ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨੇ ਕੀਤੀ ਮੀਟਿੰਗ

## ਨਸ਼ਾ ਤਸਕਰੀ ਤੇ ਦੁਰਵਰਤੋਂ ਰੋਕਣ ਲਈ ਅਧਿਕਾਰੀਆਂ ਨੂੰ ਸਖਤ ਕਾਰਵਾਈ ਦੇ ਨਿਰਦੇਸ਼

**ਸ਼ਹੀਦ ਭਗਤ ਸਿੰਘ ਨਗਰ, 17 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹੇ ਵਿੱਚ ਨਸ਼ਿਆਂ ਦੀ ਤਸਕਰੀ ਅਤੇ ਦੁਰਵਰਤੋਂ ਨੂੰ ਰੋਕਣ ਲਈ (ਐਨ ਸੀ ਓ ਆਰ ਡੀ) ਭਾਵ ਨਾਰਕੋਟਿਕਸ ਕੋਆਰਡੀਨੇਸ਼ਨ ਮਕੈਨਿਜ਼ਮ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਤੇ ਐਸ.ਐਸ.ਪੀ. ਤੁਸ਼ਾਰ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਅਧਿਕਾਰੀਆਂ ਨੇ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਸਥਿਤੀ, ਪਿਛਲੇ ਮਹੀਨੇ ਕੀਤੀਆਂ ਗਈਆਂ ਕਾਰਵਾਈਆਂ ਅਤੇ 'ਧਫਸ਼ ਐਕਟ ਤਹਿਤ ਦਰਜ ਕੇਸਾਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਨੇ ਸਿਹਤ, ਸਿੱਖਿਆ, ਸਮਾਜਿਕ ਸੁਰੱਖਿਆ ਅਤੇ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਸਕੂਲ-ਕਾਲਜਾਂ, ਬੱਸ ਸਟੈਂਡਾਂ ਅਤੇ ਪਿੰਡਾਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮਾਂ ਤੇਜ਼ ਕਰਨ ਦੇ ਹੁਕਮ ਦਿੱਤੇ। ਐਸ.ਐਸ.ਪੀ. ਤੁਸ਼ਾਰ ਗੁਪਤਾ ਨੇ ਦੱਸਿਆ ਕਿ ਨਸ਼ਾ ਤਸਕਰਾਂ ਵਿਰੁੱਧ ਸਪੈਸ਼ਲ ਡਰਾਈਵ ਚਲਾਈ ਜਾ ਰਹੀ ਹੈ ਅਤੇ ਸਰਹੱਦੀ/ਸ਼ੱਕੀ ਥਾਵਾਂ 'ਤੇ ਨਾਕਾਬੰਦੀ ਸਖਤ ਕੀਤੀ ਗਈ ਹੈ। ਉਨ੍ਹਾਂ ਨੇ ਥਾਣਾ ਮੁਖੀਆਂ ਨੂੰ ਛੋਟੇ-ਮੋਟੇ ਨਸ਼ਾ ਵਿਕਰੇਤਾਵਾਂ ਦੇ ਨਾਲ-ਨਾਲ ਪਿੱਛੇ ਬੈਠੇ ਵੱਡੇ ਸਪਲਾਇਰਾਂ ਤੱਕ ਪਹੁੰਚ ਕਰਨ ਅਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦੀ



ਕਾਰਵਾਈ ਯਕੀਨੀ ਬਣਾਉਣ ਲਈ ਕਿਹਾ। ਮੀਟਿੰਗ ਵਿੱਚ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਾ ਛੁਡਾਊ ਕੇਂਦਰਾਂ ਦੀ ਕਾਰਗੁਜ਼ਾਰੀ, ਮੁੜ-ਵਸੇਬੇ ਅਤੇ ਕਾਊਂਸਲਿੰਗ ਪ੍ਰਬੰਧਾਂ 'ਤੇ ਵੀ ਚਰਚਾ ਹੋਈ। ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਮੀਟਿੰਗ ਵਿੱਚ ਹਰ ਮਹੀਨੇ ਕੀਤੀ ਕਾਰਵਾਈ ਦੀ ਰਿਪੋਰਟ ਪੇਸ਼ ਕੀਤੀ ਜਾਵੇ। ਇਸ ਮੌਕੇ ਤੇ ਪੁਲਿਸ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# ਬਰਤਾਨੀਆ-ਫਰਾਂਸ ਦੀਆਂ ਸਖ਼ਤੀਆਂ ਦੇ ਬਾਵਜੂਦ ਇਕੋ ਦਿਨ ਚ 710 ਪ੍ਰਵਾਸੀ ਗੈਰ ਕਾਨੂੰਨੀ ਤਰੀਕੇ ਨਾਲ ਚੈਨਲ ਰਾਹੀ ਬਰਤਾਨੀਆ ਪੁੱਜੇ

**ਲੈਸਟਰ (ਇੰਗਲੈਂਡ), 17 ਜੂਨ (ਸੁਖਜਿੰਦਰ ਸਿੰਘ ਢੱਡੇ)–** ਇੰਗਲਿਸ਼ ਚੈਨਲ ਰਾਹੀਂ ਗ਼ੈਰ-ਕਾਨੂੰਨੀ ਤੌਰ 'ਤੇ ਬਰਤਾਨੀਆ ਆਉਣ ਵਾਲੇ ਪ੍ਰਵਾਸੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬਰਤਾਨਵੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਸੋਮਵਾਰ ਨੂੰ 11 ਛੋਟੀਆਂ ਕਿਸ਼ਤੀਆਂ ਰਾਹੀਂ 710 ਪ੍ਰਵਾਸੀ ਇੰਗਲਿਸ਼ ਚੈਨਲ ਪਾਰ ਕਰਕੇ ਬਰਤਾਨੀਆ ਦੇ ਤੱਟਾਂ 'ਤੇ ਪੁੱਜੇ। ਇਹ ਇਸ ਸਾਲ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਇੱਕ ਦਿਨ ਦਾ ਅੰਕੜਾ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕਰੀਬ ਦੋ ਹਫ਼ਤਿਆਂ ਤੱਕ ਮੌਸਮ ਅਤੇ ਸੁਰੱਖਿਆ ਕਾਰਨਾਂ ਕਰਕੇ ਚੈਨਲ ਰਾਹੀਂ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਦਰਜ ਕੀਤੀ ਗਈ ਸੀ।

ਜਾਣਕਾਰੀ ਮੁਤਾਬਕ ਫਰਾਂਸ ਦੇ ਉੱਤਰੀ ਤੱਟੀ ਇਲਾਕੇ ਬਰਕ (ਭਣਰਚਕ) ਅਤੇ ਆਸ-ਪਾਸ ਦੇ ਸਮੁੰਦਰੀ ਕੰਢਿਆਂ ਤੋਂ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਨੇ ਰਬੜ ਦੀਆਂ ਛੋਟੀਆਂ ਕਿਸ਼ਤੀਆਂ ਰਾਹੀਂ ਬਰਤਾਨੀਆ ਵੱਲ ਰੁਖ਼ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੇ ਔਰਤਾਂ, ਮਰਦਾਂ ਅਤੇ ਬੱਚਿਆਂ ਨੂੰ ਸੰਤਰੀ ਰੰਗ ਦੀਆਂ ਲਾਈਫ ਜੈਕਟਾਂ ਪਹਿਨ ਕੇ ਸਮੁੰਦਰ ਵਿੱਚ ਉਤਰਦੇ ਦੇਖਿਆ। ਕੁਝ ਕਿਸ਼ਤੀਆਂ ਨੂੰ ਸਮੁੰਦਰ ਵਿੱਚ ਤਕਨੀਕੀ ਸਮੱਸਿਆਵਾਂ ਜਾਂ ਪੁਲਿਸ ਦੀ ਦਖ਼ਲਅੰਦਾਜ਼ੀ ਕਾਰਨ ਵਾਪਸ ਕੰਢੇ 'ਤੇ ਆਉਣਾ ਪਿਆ। ਬਾਅਦ ਵਿੱਚ ਕਈ ਪ੍ਰਵਾਸੀ ਤੱਟ 'ਤੇ ਫੋਇਲ ਕੰਬਲਾਂ ਵਿੱਚ ਲਪੇਟੇ ਹੋਏ ਵੀ ਨਜ਼ਰ ਆਏ।

ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਇਸ ਸਾਲ ਹੁਣ ਤੱਕ 9,852 ਪ੍ਰਵਾਸੀ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲਿਸ਼ ਚੈਨਲ ਪਾਰ ਕਰਕੇ ਬਰਤਾਨੀਆ ਪੁੱਜ ਚੁੱਕੇ ਹਨ। ਹਾਲਾਂਕਿ ਇਹ ਗਿਣਤੀ ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾਬਲੇ ਲਗਭਗ 40 ਫ਼ੀਸਦੀ ਘੱਟ ਹੈ, ਜਦੋਂ ਇਸ ਸਮੇਂ ਤੱਕ 16,317 ਪ੍ਰਵਾਸੀ ਬਰਤਾਨੀਆ ਆ ਚੁੱਕੇ ਸਨ। ਇਸ ਦੇ ਨਾਲ ਹੀ ਇਹ ਅੰਕੜਾ ਦੋ ਸਾਲ ਪਹਿਲਾਂ ਦਰਜ ਕੀਤੇ ਗਏ 11,431 ਦੇ ਮੁਕਾਬਲੇ ਵੀ ਘੱਟ ਦੱਸਿਆ ਜਾ ਰਿਹਾ ਹੈ। ਇਸ ਦੇ ਬਾਵਜੂਦ ਸਰਕਾਰ ਲਈ ਗ਼ੈਰ-ਕਾਨੂੰਨੀ ਪ੍ਰਵਾਸ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਸੋਮਵਾਰ ਨੂੰ ਚੈਨਲ ਪਾਰ ਕਰਨ ਵਾਲੀਆਂ 11 ਕਿਸ਼ਤੀਆਂ ਵਿੱਚ ਔਸਤਨ 65 ਦੇ ਕਰੀਬ ਲੋਕ ਸਵਾਰ ਸਨ, ਜਿਸ ਕਾਰਨ ਸੁਰੱਖਿਆ ਮਾਹਿਰਾਂ ਨੇ ਇੱਕ ਵਾਰ ਫਿਰ ਛੋਟੀਆਂ ਕਿਸ਼ਤੀਆਂ ਵਿੱਚ ਸਮਰੱਥਾ ਤੋਂ ਵੱਧ ਲੋਕਾਂ ਨੂੰ ਬਿਠਾਉਣ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਹਰ ਸਾਲ ਇਸ ਤਰ੍ਹਾਂ ਦੇ ਖ਼ਤਰਨਾਕ ਸਫ਼ਰ ਦੌਰਾਨ ਕਈ ਲੋਕ ਆਪਣੀ ਜਾਨ ਵੀ ਗੁਆ ਬੈਠਦੇ ਹਨ। ਇਸ ਘਟਨਾ ਤੋਂ ਬਾਅਦ ਵਿਰੋਧੀ ਧਿਰਾਂ ਨੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਚੈਨਲ ਪਾਰ ਕਰਕੇ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨ ਉਮੀਦਾਂ ਅਨੁਸਾਰ ਸਫਲ ਨਹੀਂ ਹੋ ਰਹੇ। ਦੂਜੇ ਪਾਸੇ ਸਰਕਾਰ ਦਾ ਕਹਿਣਾ ਹੈ ਕਿ ਫਰਾਂਸ ਨਾਲ ਮਿਲ ਕੇ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਖ਼ਿਲਾਫ਼ ਕਾਰਵਾਈ ਤੇਜ਼ ਕੀਤੀ ਜਾ ਰਹੀ ਹੈ ਅਤੇ ਸਰਹੱਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਇਆ ਜਾ ਰਿਹਾ ਹੈ। ਉਧਰ ਫਰਾਂਸੀਸੀ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਮਹੀਨੇ ਦੌਰਾਨ ਪੁਲਿਸ ਨੇ ਚੈਨਲ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਕਈ ਕਿਸ਼ਤੀਆਂ ਨੂੰ ਰੋਕਣ ਵਿੱਚ ਸਫਲਤਾ ਹਾਸਲ ਕੀਤੀ ਹੈ। ਫਰਾਂਸੀਸੀ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਹੁਣ ਪਹਿਲਾਂ ਨਾਲੋਂ ਵੱਧ ਗਿਣਤੀ ਵਿੱਚ ਗ਼ੈਰ-ਕਾਨੂੰਨੀ ਯਾਤਰਾਵਾਂ ਨੂੰ ਨਾਕਾਮ ਬਣਾਇਆ ਜਾ ਰਿਹਾ ਹੈ। ਫਿਰ ਵੀ ਮਨੁੱਖੀ ਤਸਕਰੀ ਨਾਲ ਜੁੜੇ ਗਿਰੋਹ ਨਵੇਂ ਤਰੀਕਿਆਂ ਨਾਲ ਪ੍ਰਵਾਸੀਆਂ ਨੂੰ ਬਰਤਾਨੀਆ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਕਾਰਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਲਈ ਇਹ ਮੁੱਦਾ ਲਗਾਤਾਰ ਸਿਰਦਰਦੀ ਬਣਿਆ ਹੋਇਆ ਹੈ।




**ਫਰਾਂਸ ਦੇ ਬਰਕ ਤੱਟ ਤੋਂ ਇੰਗਲਿਸ਼ ਚੈਨਲ ਰਾਹੀਂ ਬਰਤਾਨੀਆ ਜਾਣ ਲਈ ਛੋਟੀ ਕਿਸ਼ਤੀ ਵਿੱਚ ਸਵਾਰ ਹੁੰਦੇ ਪ੍ਰਵਾਸੀ। ਅਤੇ ਇੰਗਲਿਸ਼ ਚੈਨਲ ਪਾਰ ਕਰਨ ਮਗਰੋਂ ਡੋਵਰ ਵਿਖੇ ਬਾਰਡਰ ਸਕਿਓਰਿਟੀ ਕਮਾਂਡ ਦੇ ਕੰਪਲੈਕਸ ਵਿੱਚ ਲਿਆਂਦੇ ਜਾ ਰਹੇ ਪ੍ਰਵਾਸੀ। ਤਸਵੀਰ :–ਸੁਖਜਿੰਦਰ ਸਿੰਘ ਢੱਡੇ**

# ਪੰਜਾਬ ਸਰਕਾਰ ਦੇ ਕਾਨੂੰਨ ਵਿਵਸਥਾ ਹੋਈ ਕੰਟਰੋਲ ਤੋਂ ਬਾਹਰ : ਵਿਕਰਮ ਸਿੰਘ ਬਾਜਵਾ

**ਸਾਹਨੇਵਾਲ / ਕੁਹਾੜਾ 18 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਦੇ ਕਾਨੂੰਨ ਵਿਵਸਥਾ ਕੰਟਰੋਲ ਤੋਂ ਬਾਹਰ ਹੋ ਚੁੱਕੀ ਹੈ। ਜਿਸ ਕਰਕੇ ਹਰ ਵਰਗ ਡਰ ਅਤੇ ਸਹਿਮ ਦੇ ਮਾਹੌਲ ਵਿੱਚੋਂ ਰਿਹਾ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਦੀ ਵਿਕਰਮ ਸਿੰਘ ਬਾਜਵਾ ਨੇ ਕਾਂਗਰਸ ਪਾਰਟੀ ਤੇ ਵਰਕਰਾਂ ਦੇ ਨਾਲ ਵਿਸ਼ੇਸ਼ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਕੀਤਾ ਉਹਨਾਂ ਕਿਹਾ ਕਿ ਅੱਜ ਪੰਜਾਬ ਦੇ ਅੰਦਰ ਹਰ ਰੋਜ਼ ਲੁੱਟਾਂ ਖੋਹਾਂ ਅਤੇ ਕਤਲ ਹੋ ਰਹੇ ਹਨ। ਉਹਨਾਂ



ਕਿਹਾ ਕਿ ਪੰਜਾਬ ਦੇ ਅੰਦਰ ਜਿਸ ਵੀ ਵਿਅਕਤੀ ਦਾ ਥੋੜਾ ਬਹੁਤ ਰੋਜ਼ਗਾਰ ਚੱਲਦਾ ਹੈ। ਉਸ ਨੂੰ ਗੈਂਗਸਟਰਾਂ ਵੱਲੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਕਿ ਜਿਹੜਾ ਕੋਈ ਇਹਨਾਂ ਗੈਂਗਸਟਰਾਂ ਦੀ ਗੱਲ ਨਹੀਂ ਮੰਨਦਾ ਉਸ ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ ਪੰਜਾਬ ਸਰਕਾਰ ਇਹ ਸਾਰੇ ਹਾਲਾਤਾਂ ਨੂੰ ਕਾਬੂ ਕਰਨ ਵਿੱਚ ਪੂਰੀ ਤਰ੍ਹਾਂ ਫੇਲ ਸਾਬਤ ਹੋਈ ਹੈ। ਇਸ ਮੌਕੇ ਉਹਨਾਂ ਦੇ ਨਾਲ ਬਲਾਕ ਕਾਂਗਰਸ ਦੇ ਪ੍ਰਧਾਨ ਬਲਵੀਰ ਸਿੰਘ ਬੁੱਢੇਵਾਲ, ਕੌਂਸਲਰ ਕਮਲਜੀਤ ਸਿੰਘ ਬੋਪਾ ਰਾਏ, ਸਰਪੰਚ ਰਾਜਦੀਪ ਸਿੰਘ ਬਿਲਗਾ, ਸਰਪੰਚ ਸਤਵੰਤ ਸਿੰਘ ਗਰਚਾ, ਬੂਟਾ ਬਿਲਗਾ ਆਦਿ ਹਾਜ਼ਰ ਸਨ।

# ਧੀ ਨਾਲ ਜਿਨਸੀ ਸ਼ੋਸ਼ਣ ਕਰਨ ਵਾਲੇ ਪਿਤਾ ਨੂੰ 15 ਸਾਲ ਤੋਂ ਵੱਧ ਕੈਦ

**ਲੈਸਟਰ (ਇੰਗਲੈਂਡ), 17 ਜੂਨ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਡਰਬੀ ਸ਼ਹਿਰ ਵਿੱਚ ਆਪਣੀ ਹੀ ਧੀ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ਾਂ ਵਿੱਚ ਇੱਕ ਵਿਅਕਤੀ ਨੂੰ 15 ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਡਰਬੀ ਕਰਾਊਨ ਕੋਰਟ ਨੇ 37 ਸਾਲਾ ਮੈਥਿਊ ਵਾਰਡ ਨੂੰ 15 ਸਾਲ ਅਤੇ 4 ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ, ਜਦਕਿ ਇਸ ਮਾਮਲੇ ਵਿੱਚ ਸ਼ਾਮਲ 30 ਸਾਲਾ ਸੋਫੀ ਈਸਨ ਨੂੰ 2 ਸਾਲ 8 ਮਹੀਨੇ ਦੀ ਕੈਦ ਸੁਣਾਈ ਗਈ। ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਪੀੜਤਾ, ਜੋ ਹੁਣ 18 ਸਾਲ ਦੀ ਹੈ, ਨੇ 15 ਸਾਲ ਦੀ ਉਮਰ ਵਿੱਚ ਆਪਣੇ ਜੈਵਿਕ ਪਿਤਾ ਨਾਲ ਸੰਪਰਕ ਕੀਤਾ ਸੀ ਅਤੇ ਬਾਅਦ ਵਿੱਚ ਉਸ ਦੇ ਘਰ ਰਹਿਣ ਲਈ ਚਲੀ ਗਈ ਸੀ। ਉਸ ਨੂੰ ਉਮੀਦ ਸੀ ਕਿ ਉਸ ਨੂੰ ਇੱਕ ਸੁਰੱਖਿਅਤ ਪਰਿਵਾਰਕ ਮਾਹੌਲ ਮਿਲੇਗਾ, ਪਰ ਉੱਥੇ ਉਸ ਨਾਲ ਗੰਭੀਰ ਦੁਰਵਿਹਾਰ ਕੀਤਾ ਗਿਆ।

ਮਾਮਲੇ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ ਇੱਕ ਵੱਖਰੀ ਜਾਂਚ ਦੌਰਾਨ ਪੁਲਿਸ ਨੇ ਦੋਸ਼ੀ ਦਾ ਮੋਬਾਈਲ ਫ਼ੋਨ ਜ਼ਬਤ ਕੀਤਾ। ਫ਼ੋਨ ਦੀ ਜਾਂਚ ਦੌਰਾਨ ਮਿਲੇ ਸੁਨੇਹਿਆਂ ਅਤੇ ਹੋਰ ਡਿਜ਼ੀਟਲ ਸਬੂਤਾਂ ਨੇ ਦੋਵਾਂ ਮੁਲਜ਼ਮਾਂ ਦੀ ਸ਼ਮੂਲੀਅਤ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਪੁਲਿਸ ਨੇ ਜਾਂਚ ਨੂੰ ਅੱਗੇ ਵਧਾਉਂਦਿਆਂ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਸ਼ੁਰੂ ਵਿੱਚ ਦੋਵਾਂ ਮੁਲਜ਼ਮਾਂ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ, ਪਰ ਮੁਕੱਦਮੇ ਦੀ ਸ਼ੁਰੂਆਤ ਵੇਲੇ ਉਨ੍ਹਾਂ ਨੇ ਆਪਣੇ ਦੋਸ਼ ਕਬੂਲ ਕਰ ਲਏ। ਮੈਥਿਊ ਵਾਰਡ ਨੇ ਬੱਚੇ ਨਾਲ ਜਿਨਸੀ ਗਤੀਵਿਧੀਆਂ ਅਤੇ ਅਸ਼ਲੀਲ ਸਮੱਗਰੀ ਨਾਲ ਸੰਬੰਧਿਤ ਕਈ ਦੋਸ਼ ਮੰਨੇ, ਜਦਕਿ ਸੋਫੀ ਈਸਨ ਨੇ ਵੀ ਆਪਣੇ ਖ਼ਿਲਾਫ਼ ਲੱਗੇ ਦੋਸ਼ ਸਵੀਕਾਰ ਕਰ ਲਏ।

ਪੀੜਤਾ ਨੇ ਅਦਾਲਤ ਵਿੱਚ ਦਿੱਤੇ ਆਪਣੇ ਬਿਆਨ ਵਿੱਚ ਕਿਹਾ ਕਿ ਉਸ ਨੇ ਆਪਣੇ ਪਿਤਾ ਅਤੇ ਉਸ ਦੀ ਸਾਥਣ 'ਤੇ ਭਰੋਸਾ ਕੀਤਾ ਸੀ, ਪਰ ਉਨ੍ਹਾਂ ਨੇ ਉਸ ਦੇ ਭਰੋਸੇ ਨੂੰ ਤੋੜਦਿਆਂ ਉਸ ਦੀ ਜ਼ਿੰਦਗੀ 'ਤੇ ਡੂੰਘਾ ਮਨੋਵਿਗਿਆਨਕ ਅਸਰ ਪਾਇਆ। ਉਸ ਨੇ ਕਿਹਾ ਕਿ ਇਸ ਘਟਨਾ ਕਾਰਨ ਉਹ ਅਜੇ ਵੀ ਮਾਨਸਿਕ ਸਦਮੇ ਅਤੇ ਡਰ ਦਾ ਸਾਹਮਣਾ ਕਰ ਰਹੀ ਹੈ।

ਸਜ਼ਾ ਸੁਣਾਉਂਦਿਆਂ ਅਦਾਲਤ ਨੇ ਦੋਵਾਂ ਮੁਲਜ਼ਮਾਂ 'ਤੇ ਅਣਮਿੱਥੇ ਸਮੇਂ ਲਈ ਸੈਕਸ਼ੁਅਲ ਹਾਰਮ ਪ੍ਰੀਵੈਂਸ਼ਨ ਆਰਡਰ ਲਾਗੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਜਿਨਸੀ ਅਪਰਾਧੀਆਂ ਦੇ ਰਜਿਸਟਰ ਵਿੱਚ ਵੀ ਸ਼ਾਮਲ ਕਰਨ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਪੀੜਤਾ ਦੀ ਸੁਰੱਖਿਆ ਲਈ ਉਨ੍ਹਾਂ ਖ਼ਿਲਾਫ਼ ਉਮਰ ਭਰ ਲਈ ਰੋਕ ਆਦੇਸ਼ ਵੀ ਜਾਰੀ ਕੀਤੇ ਗਏ ਹਨ। ਮਾਮਲੇ ਦੀ ਜਾਂਚ ਕਰਨ ਵਾਲੀ ਡਿਟੈਕਟਿਵ ਕਾਂਸਟੇਬਲ ਗੈਬਰੀਏਲ ਰਾਊਸ ਨੇ ਕਿਹਾ ਕਿ ਪੀੜਤਾ ਨੇ ਬਹੁਤ ਹਿੰਮਤ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਸ ਦੀ ਮਦਦ ਨਾਲ ਹੀ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕਿਆ ਅਤੇ ਹੁਣ ਉਹ ਹੋਰ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕੇ ਗਏ ਹਨ।




**ਡਰਬੀ ਵਿੱਚ ਆਪਣੀ ਧੀ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਸਜ਼ਾਯਾਫ਼ਤਾ ਮੈਥਿਊ ਵਾਰਡ ਅਤੇ ਉਸ ਦੀ ਸਾਥਣ ਸੋਫੀ ਈਸਨ। ਤਸਵੀਰਾਂ :– ਸੁਖਜਿੰਦਰ ਸਿੰਘ ਢੱਡੇ**

# ਲੈਸਟਰ ਫੁੱਟਬਾਲ ਟੂਰਨਾਮੈਂਟ ਦੀਆਂ ਤਿਆਰੀਆਂ ਸਬੰਧੀ ਹੋਈ ਅਹਿਮ ਮੀਟਿੰਗ

## 4 ਅਤੇ 5 ਜੁਲਾਈ ਨੂੰ ਲੈਸਟਰ ਚ ਹੋਣਗੇ ਵਿਸਾਲ ਫੁੱਟਬਾਲ ਟੂਰਨਾਮੈਂਟ 2026

**ਲੈਸਟਰ (ਇੰਗਲੈਂਡ), 17 ਜੂਨ (ਸੁਖਜਿੰਦਰ ਸਿੰਘ ਢੱਡੇ)** ਜੀ ਐਨ ਜੀ ਫੁਟਬਲ ਕਲੱਬ ਲੈਸਟਰ ਵੱਲੋਂ 4 ਅਤੇ 5 ਜੁਲਾਈ ਨੂੰ ਐਲੇਸਟੋਨ ਪਲੇਇੰਗ ਫੀਲਡਜ਼, ਬਰਾਊਨਸਟੋਨ ਲੇਨ ਈਸਟ ਵਿਖੇ ਕਰਵਾਏ ਜਾਣ ਵਾਲੇ ਲੈਸਟਰ ਫੁੱਟਬਾਲ ਟੂਰਨਾਮੈਂਟ 2026 ਦੀਆਂ ਤਿਆਰੀਆਂ ਸਬੰਧੀ ਇੱਕ ਅਹਿਮ ਮੀਟਿੰਗ ਕਲੱਬ ਦੇ ਕੋਆਰਡੀਨੇਟਰ ਅਤੇ ਲੈਸਟਰ ਸਿਟੀ ਕੌਂਸਲ ਦੇ ਲਾਰਡ ਮੇਅਰ ਕੁਲਵਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਕਲੱਬ ਦੇ ਅਹੁਦੇਦਾਰਾਂ, ਪ੍ਰਬੰਧਕਾਂ ਅਤੇ ਵਲੰਟੀਅਰਾਂ ਨੇ ਸ਼ਮੂਲੀਅਤ ਕਰਦਿਆਂ ਟੂਰਨਾਮੈਂਟ ਦੀ ਸਫਲਤਾ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਦੌਰਾਨ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੀ ਰਜਿਸਟ੍ਰੇਸ਼ਨ, ਖੇਡ ਮੈਦਾਨਾਂ ਦੀ ਤਿਆਰੀ, ਸੁਰੱਖਿਆ ਪ੍ਰਬੰਧਾਂ, ਪਾਰਕਿੰਗ, ਮੈਡੀਕਲ ਸਹੂਲਤਾਂ ਅਤੇ ਦਰਸ਼ਕਾਂ ਦੀ



ਲੈਸਟਰ ਫੁੱਟਬਾਲ ਟੂਰਨਾਮੈਂਟ 2026 ਦੀਆਂ ਤਿਆਰੀਆਂ ਸਬੰਧੀ ਹੋਈ ਮੀਟਿੰਗ ਦੌਰਾਨ ਲਾਰਡ ਮੇਅਰ ਅਤੇ ਕਲੱਬ ਕੋਆਰਡੀਨੇਟਰ ਕੁਲਵਿੰਦਰ ਸਿੰਘ ਜੌਹਲ ਹੋਰਨਾਂ ਨਾਲ।ਤਸਵੀਰ :- ਸੁਖਜਿੰਦਰ ਸਿੰਘ ਢੱਡੇ

ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ। ਕੁਲਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਜੀ ਐਨ ਜੀ ਫੁੱਟਬਾਲ ਕਲੱਬ ਦਾ ਇਹ ਟੂਰਨਾਮੈਂਟ ਮਿਡਲੈਂਡਜ਼ ਖੇਤਰ ਦੇ ਸਭ ਤੋਂ ਵੱਡੇ ਅਤੇ ਪ੍ਰਸਿੱਧ ਫੁੱਟਬਾਲ ਟੂਰਨਮੈਟਾ ਵਿੱਚੋਂ ਇੱਕ ਬਣ ਚੁੱਕਾ ਹੈ, ਜਿਸ ਦੀ ਉਡੀਕ ਖਿਡਾਰੀ ਅਤੇ ਖੇਡ ਪ੍ਰੇਮੀ ਹਰ ਸਾਲ ਬੇਸਬਰੀ ਨਾਲ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਟੂਰਨਾਮੈਂਟ ਵਿੱਚ ਵੈਟਰਨਜ਼, ਸੀਨੀਅਰਜ਼, ਯੂਥ, ਜੂਨੀਅਰਜ਼ ਅਤੇ ਗਰਲਜ਼ ਵਰਗਾਂ ਦੇ ਮੁਕਾਬਲੇ ਕਰਵਾਏ ਜਾਣਗੇ, ਜਿਸ ਵਿੱਚ ਬਰਤਾਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਟੀਮਾਂ ਭਾਗ ਲੈਣਗੀਆਂ। ਉਨ੍ਹਾਂ ਕਿਹਾ ਕਿ ਟੂਰਨਾਮੈਂਟ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ, ਉਨ੍ਹਾਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨਾ ਅਤੇ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰਨਾ ਹੈ। ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਆਪੋ-ਆਪਣੀਆਂ ਜ਼ਿੰਮੇਵਾਰੀਆਂ ਸੰਭਾਲਣ ਦਾ ਭਰੋਸਾ ਦਿੱਤਾ। ਇਸ ਮੌਕੇ ਸਾਰੇ ਖੇਡ ਪ੍ਰੇਮੀਆਂ ਨੂੰ 4 ਅਤੇ 5 ਜੁਲਾਈ ਨੂੰ ਐਲੇਸਟੋਨ ਪਲੇਇੰਗ ਫੀਲਡਜ਼ ਵਿਖੇ ਪਹੁੰਚ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਦੀ ਅਪੀਲ ਵੀ ਕੀਤੀ ਗਈ।

# ਏਬੀਵੀਪੀ ਪੰਜਾਬ ਸੂਬੇ ਵੱਲੋਂ 18 ਤੋਂ 21 ਜੂਨ ਤੱਕ ਸੰਗਰੂਰ ਪਟਿਆਲਾ ਵਿਖੇ ਸਿਖਲਾਈ ਕਲਾਸਾਂ ਲਗਾਈਆਂ ਜਾਣਗੀਆਂ

## ਸਵਾਸਤਿਕ ਗੌਤਮ ਪੀਯੂ ਤੋਂ 30 ਅਹੁਦੇਦਾਰਾਂ ਨੂੰ ਸ਼ਾਮਲ ਕਰਨਗੇ

**ਪਟਿਆਲਾ 17 ਜੂਨ (ਗੁਰਭਿੰਦਰ ਗੁਰੀ )** ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਪੰਜਾਬ ਵੱਲੋਂ ਸਾਧੂ ਆਸ਼ਰਮ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਸੰਗਰੂਰ ਪਟਿਆਲਾ ਵਿਖੇ 18 ਜੂਨ ਤੋਂ 21 ਜੂਨ ਤੱਕ ਪੰਜਾਬ ਪ੍ਰਦੇਸ਼ ਦੀ ਸਲਾਨਾ ਪ੍ਰੈਕਟਿਸ ਕਲਾਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੰਯੁਕਤ ਸਕੱਤਰ ਸਵਾਸਤਿਕ ਗੌਤਮ ਨੇ ਦੱਸਿਆ ਕਿ 18 ਜੂਨ ਤੋਂ 21 ਜੂਨ ਤੱਕ ਚੱਲਣ ਵਾਲੇ ਇਸ ਕੈਂਪ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ 30 ਦੇ ਕਰੀਬ ਵਰਕਰ ਸ਼ਾਮਲ ਹੋਣਗੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 26 ਵਿਦਿਆਰਥੀ, 3 ਵਿਦਿਆਰਥੀ ਅਤੇ 1 ਪ੍ਰੋਫੈਸਰ ਹਿੱਸਾ ਲੈਣਗੇ ਜਿਸ ਵਿੱਚ ਸੂਬਾ ਪ੍ਰਧਾਨ ਡਾ. ਪ੍ਰਸ਼ਾਂਤ ਗੌਤਮ, ਸਕੱਤਰ ਜਸਕਰਨ, ਜ਼ਿਲ੍ਹਾ ਸੰਗਠਨ ਸਕੱਤਰ ਪਰਵਿੰਦਰ ਨੇਗੀ, ਯੂਨਿਟ ਪ੍ਰਧਾਨ ਆਸ਼ੀਸ਼ ਕੁਮਾਰ,



ਸੋਸ਼ਲ ਮੀਡੀਆ ਇੰਚਾਰਜ ਲਾਵਨੀਆ, ਮੋਕਸ਼ ਗਰਗ, ਪ੍ਰਿਆ ਸ਼ਰਮਾ, ਅਨੁਰਾਗ ਭੰਡਾਰੀ ਆਦਿ ਸ਼ਾਮਲ ਹੋਣਗੇ। ਹਿੱਸਾ ਲੈਣਗੇ। ਸੂਬਾਈ ਅਭਿਆਸ ਕਲਾਸ ਜੋ ਸੰਗਠਨਾਤਮਕ ਮਜ਼ਬੂਤੀ, ਸੰਕਲਪਿਕ ਸਪਸ਼ਟਤਾ ਅਤੇ ਭਵਿੱਖ ਦੀਆਂ ਕਾਰਜ ਯੋਜਨਾਵਾਂ 'ਤੇ ਧਿਆਨ ਕੇਂਦਰਤ ਕਰੇਗੀ। ਅਭਿਆਸ ਕਲਾਸ ਵਿੱਚ ਸੈਸ਼ਨ ਦੌਰਾਨ ਮਹੱਤਵਪੂਰਨ ਸੰਗਠਨਾਤਮਕ ਨਿਯੁਕਤੀ ਦਾ ਵੀ ਐਲਾਨ ਕੀਤਾ ਜਾਵੇਗਾ।

# ਮਹਾਵੀਰ ਜੈਨ ਯੁਵਕ ਮੰਡਲ ਵੱਲੋਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ




**ਨਵਾਂਸ਼ਹਿਰ, 17 ਜੂਨ ਮਨੋਰੰਜਨ ਕਾਲੀਆ) ਸ਼੍ਰੀ** ਮਹਾਵੀਰ ਜੈਨ ਯੁਵਕ ਮੰਡਲ ਨਵਾਂਸ਼ਹਿਰ ਦੇ ਪ੍ਰਧਾਨ ਪੰਕਜ ਜੈਨ ਅਤੇ ਮੰਤਰੀ ਸ਼ੁਭਮ ਜੈਨ ਦੀ ਅਗਵਾਈ ਹੇਠ ਪੰਜਵਾਂ ਕ੍ਰਿਕਟ ਟੂਰਨਾਮੈਂਟ ਜੈਨ ਸਥਾਨਕ ਵਿਖੇ ਸਨਮਾਨ ਸਮਾਰੋਹ ਨਾਲ ਸਮਾਪਤ ਹੋ ਗਿਆ। ਇਸ ਮੌਕੇ ਸ਼੍ਰੀ ਮਹਾਂਵੀਰ ਜੈਨ ਯੁਵਕ ਮੰਡਲ ਦੇ ਮੈਂਬਰਾਂ ਨੇ ਸਮਾਜ ਸੇਵੀ ਸ਼ੰਕਰ ਦੁੱਗਲ, ਹਰਪ੍ਰੀਤ ਖਾਰਾ, ਮਨੋਜ ਡਾ, ਰਜਨੀ ਕਾਂਡਾ, ਕਪਿਲ ਕ੍ਰਿਪਾਲ, ਨੇਮ ਕੁਮਾਰ ਜੈਨ, ਅਨਿਲ ਕੁਮਾਰ ਜੈਨ, ਪੁਨੀਤ ਜੈਨ, ਸ਼੍ਰੀਪਾਲ ਜੈਨ, ਅਮ੍ਰਿਤਲਾਲ ਜੈਨ, ਸੁਰਿੰਦਰ ਜੈਨ ਜੈਨ ਦੀ ਹੱਟੀ, ਜਵਾਹਰ ਲਾਲ ਜੈਨ, ਮੁਨੀਸ਼ ਜੈਨ, ਸਮਾਜ ਸੇਵਕਾਂ ਨੂੰ ਸਨਮਾਨਿਤ ਕੀਤਾ। ਗੌਰਵ ਜੈਨ, ਗਗਨ ਜੈਨ, ਨਵੀਨ ਜੈਨ ਅਤੇ ਨੀਰਜ ਜੈਨ ਨੇ ਮਾਲਾ ਅਤੇ । ਇਸ ਮੌਕੇ ਯੁਵਕ ਮੰਡਲ ਦੇ ਪ੍ਰਧਾਨ ਪੰਕਜ ਜੈਨ ਅਤੇ ਮੰਤਰੀ ਸ਼ੁਭਮ ਜੈਨ ਨੇ ਐਲਾਨ ਕੀਤਾ ਕਿ ਇਹ ਚਾਰ ਰੋਜ਼ਾ ਟੂਰਨਾਮੈਂਟ ਟੈਗੋਰ ਮਾਡਲ ਸਕੂਲ ਬੇਗਮਪੁਰ ਦੀ ਗਰਾਊਂਡ ਵਿੱਚ ਅੰਮ੍ਰਿਤਲਾਲ ਜੈਨ ਦੇ ਸਹਿਯੋਗ ਨਾਲ ਕਰਵਾਇਆ ਗਿਆ। ਚਾਰ ਟੀਮਾਂ, ਸਿੱਧੀ ਸਮੇਸ਼ਰ ਪ੍ਰਵੀਨ ਜੈਨ ਬੌਬੀ, ਹਰੀਸੰਜ ਸਤਰਾਏਬਸ ਵਿਭੋਰ ਜੈਨ, ਜੈਨ ਵਾਰੀਅਰਜ਼ ਅਕਸ਼ਿਤ ਜੈਨ, ਅਤੇ ਜੈਨ ਬ੍ਰਦਰਜ਼, ਜਿਨ੍ਹਾਂ ਦੀ ਅਗਵਾਈ ਸੰਭਵ ਜੈਨ ਨੇ ਕੀਤੀ, ਨੇ ਆਪਣੇ ਮੈਚ ਖੇਡੇ। ਟੂਰਨਾਮੈਂਟ ਦੇ ਅੰਤ ਵਿੱਚ, ਜੈਨ ਵਾਰੀਅਰਜ਼ ਟੀਮ ਨੇ ਸਿੱਧੀ ਸਮੇਸ਼ਵਰ ਨੂੰ ਹਰਾ ਕੇ ਟੂਰਨਾਮੈਂਟ ਜਿੱਤਿਆ। ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਮੈਡਲਾਂ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਯੂਥ ਕਲੱਬ ਦੇ ਖਜ਼ਾਨਚੀ ਚੰਦਨ ਜੈਨ ਨੇ ਦੱਸਿਆ ਕਿ ਮੈਨ ਆਫ ਦਿ ਸੀਰੀਜ਼ ਯਤੀਸ਼ ਜੈਨ, ਬੈਸਟ ਬੱਲੇਬਾਜ਼ ਪ੍ਰਵੀਨ ਜੈਨ ਬੌਬੀ, ਅਤੇ ਬੈਸਟ ਗੇਂਦਬਾਜ਼ ਖੁਸ਼ਗਰ ਜੈਨ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਸਐਸ ਜੈਨ ਸਭਾ ਦੇ ਪ੍ਰਧਾਨ ਮੁਨੀਸ਼ ਜੈਨ, ਜਨਰਲ ਸਕੱਤਰ ਰਤਨ ਕੁਮਾਰ ਜੈਨ, ਖਜ਼ਾਨਚੀ ਰਾਕੇਸ਼ ਜੈਨ ਬੱਬੀ, ਸ਼ੀਤਲ ਜੈਨ, ਚੰਦਰ ਮੋਹਨ ਜੈਨ, ਅਸ਼ੋਕ ਜੈਨ, ਪੰਕਜ ਜੈਨ, ਮੰਤਰੀ ਸ਼ੁਭਮ ਜੈਨ, ਖਜ਼ਾਨਚੀ ਚੰਦਨ ਜੈਨ, ਪੁਨੀਤ ਜੈਨ, ਦੀਪਕ ਜੈਨ, ਯੁਵਰਾਜ ਜੈਨ, ਅਤੇ ਜੈਨ ਭਾਈਚਾਰੇ ਅਤੇ ਸ਼੍ਰੀ ਮਹਾਵੀਰ ਜੈਨ ਯੂਥ ਕਲੱਬ ਦੇ ਹੋਰ ਮੈਂਬਰ ਮੌਜੂਦ ਸਨ॥

# ਬਲਾਚੌਰ ਹਲਕੇ ਦੀਆਂ ਸੜਕਾਂ ਦੇ ਮਸਲਿਆਂ ਨੂੰ ਲੈ ਕੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨਾਲ ਐਡਵੋਕੇਟ ਸੰਜੀਵ ਚੇਚੀ ਅਤੇ ਚੇਅਰਮੈਨ ਸੇਠੀ ਉਧਨਵਾਲ ਨੇ ਕੀਤੀ ਅਹਿਮ ਮੁਲਾਕਾਤ

**ਬਲਾਚੌਰ, 17 ਜੂਨ (ਜਤਿੰਦਰ ਪਾਲ ਸਿੰਘ ਕਲੇਰ ) :** ਬਲਾਚੌਰ ਹਲਕੇ ਦੀਆਂ ਸੜਕਾਂ ਨਾਲ ਸਬੰਧਿਤ ਅਹਿਮ ਮਸਲਿਆਂ ਅਤੇ ਸਮੱਸਿਆਵਾਂ ਦੇ ਹੱਲ ਲਈ ਅੱਜ ਇੱਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਦੌਰਾਨ ਐਡਵੋਕੇਟ ਸੰਜੀਵ ਚੇਚੀ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨਵਾਲ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਅਤੇ ਹਲਕੇ ਦੀਆਂ ਸੜਕਾਂ ਦੀ ਸਥਿਤੀ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।



ਇਸ ਅਹਿਮ ਮੁਲਾਕਾਤ ਦੌਰਾਨ ਮੁੱਖ ਤੌਰ ‘ਤੇ ਤਿੰਨ ਵਿਸ਼ਿਆਂ ‘ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਹਲਕੇ ਅੰਦਰ ਨਵੀਆਂ ਸੜਕਾਂ ਦੇ ਨਿਰਮਾਣ, ਪੁਰਾਣੀਆਂ ਸੜਕਾਂ ਦੇ ਚੱਲ ਰਹੇ ਮੌਜੂਦਾ ਕੰਮਾਂ ਵਿੱਚ ਤੇਜ਼ੀ ਲਿਆਉਣ ਅਤੇ ਸਭ ਤੋਂ ਮਹੱਤਵਪੂਰਨ ਪਹਿਲੂ—ਜਿੱਥੇ ਸੜਕਾਂ ਦਾ ਨਿਰਮਾਣ ਕੰਮ ਮੁਕੰਮਲ ਹੋ ਚੁੱਕਾ ਹੈ, ਉੱਥੇ ਪੈਂਡਿੰਗ ਪਏ ਕੰਕਰੀਟ ਦੇ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਨਾ ਸ਼ਾਮਲ ਸੀ।

ਇਸ ਸਬੰਧੀ ਹਲਕਾ ਨਿਵਾਸੀਆਂ ਲਈ ਇੱਕ ਬੇਹੱਦ ਖੁਸ਼ੀ ਦੀ ਖ਼ਬਰ ਹੈ ਕਿ ਸੜਕਾਂ ਦੇ ਪੈਂਡਿੰਗ ਪਏ ਕੰਕਰੀਟ ਦੇ ਕੰਮ ਕੱਲ੍ਹ ਤੋਂ ਹੀ ਸ਼ੁਰੂ ਕਰ ਦਿੱਤੇ ਜਾਣਗੇ। ਇਸ ਦੇ ਨਾਲ ਹੀ ਭਰੋਸਾ ਦਿੱਤਾ ਗਿਆ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਬਲਾਚੌਰ ਹਲਕੇ ਦੇ ਸਾਰੇ ਬਾਕੀ ਰਹਿੰਦੇ ਕੰਕਰੀਟ ਦੇ ਕਾਰਜਾਂ ਨੂੰ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ, ਤਾਂ ਜੋ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਨੂੰ ਬਿਹਤਰ ਸੜਕੀ ਸਹੂਲਤਾਂ ਮਿਲ ਸਕਣ ਅਤੇ ਉਨ੍ਹਾਂ ਦੀ ਆਵਾਜਾਈ ਸੁਖਾਲੀ ਹੋ ਸਕੇ।ਇਸ ਮੌਕੇ ਸਰਪੰਚ ਮਨਿੰਦਰ ਸਿੰਘ ਸੁੱਜੋਂਵਾਲ ਅਤੇ ਸਮਾਜ ਸੇਵੀ ਦਲਜੀਤ ਸਿੰਘ ਬੈਂਸ ਆਦਿ ਹਾਜ਼ਰ ਸਨ।

# ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਸਤਿਕਾਰ ਕਰਦੇ ਹੋਏ ਭਗਵੰਤ ਮਾਨ ਨੂੰ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ

## ਗੁਰੂ-ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ ਕਰਾਰ ਦਿੱਤੇ ਜਾਣ ਤੋਂ ਬਾਅਦ ਮੁੱਖ ਮੰਤਰੀ ਦੇ ਅਹੁਦੇ ’ਤੇ ਬਣੇ ਰਹਿਣਾ ਨੈਤਿਕ ਤੌਰ ’ਤੇ ਉਚਿਤ ਨਹੀਂ

**ਨਵਾਂਸ਼ਹਿਰ, 17 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜਿਲਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਹੈ ਕਿ ਪੰਜ ਸਿੰਘ ਸਾਹਿਬਾਨਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਸਾਹਿਬਾਨਾਂ ਦੀ ਤਸਵੀਰ ’ਤੇ ਸ਼ਰਾਬ ਦੇ ਛਿੱਟੇ ਮਾਰਨ ਸਬੰਧੀ ਇਤਰਾਜ਼ਯੋਗ ਵੀਡੀਓ ਦੇ ਮਾਮਲੇ ਵਿੱਚ ਗੁਰੂ-ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ ਕਰਾਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਗੁਰੂ ਖ਼ਾਲਸਾ ਪੰਥ ਦੇ ਸਿੱਖਾਂ ਨੂੰ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਸੰਬੰਧ ਨਾ ਰੱਖਣ ਦਾ ਹੁਕਮ ਵੀ ਜਾਰੀ ਕੀਤਾ ਗਿਆ ਹੈ। ਸ਼੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਰਵਉੱਚ ਸੰਸਥਾ ਹੈ ਅਤੇ ਉਥੋਂ ਜਾਰੀ ਹੋਣ ਵਾਲਾ ਹਰ ਹੁਕਮ ਗੁਰੂ ਨਾਨਕ ਨਾਮ ਲੇਵਾ ਸੰਗਤ ਲਈ ਸਤਿਕਾਰਯੋਗ ਅਤੇ ਪ੍ਰਵਾਨਯੋਗ ਹੁੰਦਾ ਹੈ। ਲੱਕੀ ਨੇ ਕਿਹਾ ਕਿ ਜਦੋਂ ਕਿਸੇ ਵਿਅਕਤੀ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ



ਗੁਰੂ-ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ ਐਲਾਨਿਆ ਜਾਂਦਾ ਹੈ ਤਾਂ ਉਸ ਦੇ ਗੰਭੀਰ ਸਮਾਜਿਕ ਅਤੇ ਨੈਤਿਕ ਪ੍ਰਭਾਵ ਹੁੰਦੇ ਹਨ। ਅਜਿਹੇ ਹਾਲਾਤਾਂ ਵਿੱਚ ਜਿਲੇ ਦੇ ਵਿਧਾਇਕ/ ਜਿਲੇ ਤੋਂ ਪੰਜਾਬ ਸਰਕਾਰ ਚ ਚੇਅਰਮੈਨ, ਸਰਕਾਰੀ ਅਧਿਕਾਰੀ, ਮੁਲਾਜਮਾਂ ਲਈ ਵੀ ਇਕ ਅਸਹਿਜ ਸਥਿਤੀ ਪੈਦਾ ਹੋ ਜਾਂਦੀ ਹੈ। ਇਸ ਕਾਰਨ ਸਰਕਾਰ ਦੇ ਪ੍ਰਸ਼ਾਸਨਿਕ ਕੰਮਕਾਜ ਅਤੇ ਫੈਸਲਾ ਲੈਣ ਦੀ ਪ੍ਰਕਿਰਿਆ ’ਤੇ ਵੀ ਪ੍ਰਭਾਵ ਪੈਣ ਦਾ ਖਦਸ਼ਾ ਬਣ ਸਕਦਾ ਹੈ।ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨੈਤਿਕ ਜ਼ਿੰਮੇਵਾਰੀ ਸਵੀਕਾਰ ਕਰਨੀ ਚਾਹੀਦੀ ਹੈ। ਜਦੋਂ ਸਿੱਖ ਕੌਮ ਦੀ ਸਰਵਉੱਚ ਤੇ ਸਦੀਵੀ ਤਖਤ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਖਿਲਾਫ਼ ਇੰਨਾ ਸਖਤ ਫੈਸਲਾ ਸੁਣਾਇਆ ਗਿਆ ਹੈ ਤਾਂ ਲੋਕਤੰਤਰੀ ਪਰੰਪਰਾਵਾਂ ਅਤੇ ਨੈਤਿਕ ਮਰਿਆਦਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਲੱਕੀ ਨੇ ਕਿਹਾ ਕਿ ਪੰਜਾਬ ਦੀ ਜਨਤਾ ਅਤੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦਾ ਸਤਿਕ-ਾਰ ਕਰਨਾ ਹਰ ਜਨਤਕ ਅਹੁਦੇਦਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਅਜਿਹਾ ਫੈਸਲਾ ਲੈਣਾ ਚਾਹੀਦਾ ਹੈ ਜੋ ਪੰਜਾਬ ਦੇ ਪ੍ਰਸ਼ਾਸਨਿਕ ਢਾਂਚੇ, ਸਮਾਜਿਕ ਸਦਭਾਵਨਾ ਅਤੇ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰੇ।

# ਪ੍ਰਿੰਸ ਹੈਰੀ ਤੇ ਮੇਘਨ ਬੱਚਿਆਂ ਸਮੇਤ ਆ ਸਕਦੇ ਹਨ ਬ੍ਰਿਟੇਨ, ਸ਼ਾਹੀ ਪਰਿਵਾਰ ਨਾਲ ਮੁਲਾਕਾਤ ਦੀਆਂ ਚਰਚਾਵਾਂ ਤੇਜ਼

**ਲੈਸਟਰ (ਇੰਗਲੈਂਡ), 17 ਜੂਨ (ਸੁਖਜਿੰਦਰ ਸਿੰਘ ਢੱਡੇ)-** ਪ੍ਰਿੰਸ ਹੈਰੀ ਅਤੇ ਉਨ੍ਹਾਂ ਦੀ ਪਤਨੀ ਮੇਘਨ ਮਾਰਕਲ ਦੇ ਆਪਣੇ ਦੋ ਬੱਚਿਆਂ ਆਰਚੀ ਅਤੇ ਲਿਲੀਬੇਟ ਸਮੇਤ ਅਗਲੇ ਮਹੀਨੇ ਬ੍ਰਿਟੇਨ ਆਉਣ ਦੀਆਂ ਖਬਰਾਂ ਨੇ ਇੱਕ ਵਾਰ ਫਿਰ ਸ਼ਾਹੀ ਪਰਿਵਾਰ ਨੂੰ ਲੈ ਕੇ ਚਰਚਾਵਾਂ ਨੂੰ ਤੇਜ਼ ਕਰ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸਸੈਕਸ ਪਰਿਵਾਰ ਜੁਲਾਈ ਦੇ ਮੱਧ ਵਿੱਚ ਬਰਮਿੰਘਮ ਪਹੁੰਚ ਸਕਦਾ ਹੈ, ਜਿੱਥੇ ਉਹ ਅਗਲੇ ਸਾਲ ਹੋਣ ਵਾਲੀਆਂ ਇਨਵਿਕਟਸ ਖੇਡਾਂ ਦੇ ਪ੍ਰਚਾਰ ਨਾਲ ਜੁੜੇ ਕਈ ਸਮਾਗਮਾਂ ਵਿੱਚ ਹਿੱਸਾ ਲੈਣਗੇ।

ਦੱਸਿਆ ਜਾ ਰਿਹਾ ਹੈ ਕਿ ਹੈਰੀ ਆਪਣੀ ਪਤਨੀ ਅਤੇ ਬੱਚਿਆਂ ਨੂੰ ਨਾਲ ਲੈ ਕੇ ਕੈਲੀਫੋਰਨੀਆ ਤੋਂ ਬ੍ਰਿਟੇਨ ਆਉਣ ਦੀ ਯੋਜਨਾ ਬਣਾ ਰਹੇ ਹਨ। ਜੇਕਰ ਇਹ ਦੌਰਾ ਹੁੰਦਾ ਹੈ ਤਾਂ ਇਹ ਲਗਭਗ ਚਾਰ ਸਾਲਾਂ ਬਾਅਦ ਹੋਵੇਗਾ ਜਦੋਂ ਹੈਰੀ ਅਤੇ ਮੇਘਨ ਇਕੱਠੇ ਆਪਣੇ ਬੱਚਿਆਂ ਸਮੇਤ ਬ੍ਰਿਟੇਨ ਦਾ ਦੌਰਾ ਕਰਨਗੇ।

ਇਸ ਤੋਂ ਪਹਿਲਾਂ ਦੋਵੇਂ ਸਤੰਬਰ 2022 ਵਿੱਚ ਬ੍ਰਿਟੇਨ ਆਏ ਸਨ, ਜਦੋਂ ਉਹ ਕੁਝ ਚੈਰਿਟੀ ਸਮਾਗਮਾਂ ਵਿੱਚ ਸ਼ਾਮਲ ਹੋਏ ਸਨ ਅਤੇ ਬਾਅਦ ਵਿੱਚ ਮਹਾਰਾਣੀ ਐਲਿਜ਼ਾਬੈਥ ਦੂਜੀ ਦੇ ਦੇਹਾਂਤ ਮਗਰੋਂ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਵੀ ਹਾਜ਼ਰ ਹੋਏ ਸਨ।

ਹੈਰੀ ਦੇ ਕਰੀਬੀ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਿੰਸ ਹੈਰੀ ਨੂੰ ਇਸ ਗੱਲ ਦਾ ਦੁੱਖ ਰਿਹਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਉਹ ਆਪਣੀ ਪਤਨੀ



ਪ੍ਰਿੰਸ ਹੈਰੀ ਅਤੇ ਮੇਘਨ ਮਾਰਕਲ


ਅਤੇ ਬੱਚਿਆਂ ਨੂੰ ਪਿਛਲੇ ਕੁਝ ਸਾਲਾਂ ਦੌਰਾਨ ਬ੍ਰਿਟੇਨ ਨਹੀਂ ਲਿਆ ਸਕੇ। ਉਹ ਕਾਫੀ ਸਮੇਂ ਤੋਂ ਚਾਹੁੰਦੇ ਸਨ ਕਿ ਆਰਚੀ ਅਤੇ ਲਿਲੀਬੇਟ ਉਸ ਦੇਸ਼ ਨੂੰ ਦੇਖਣ ਜਿੱਥੇ ਉਨ੍ਹਾਂ ਦਾ ਜਨਮ ਅਤੇ ਬਚਪਨ ਬੀਤਿਆ ਹੈ ਅਤੇ ਉਹ ਆਪਣੇ ਸ਼ਾਹੀ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਵੀ ਮਿਲ ਸਕਣ।

ਇਸ ਸੰਭਾਵੀ ਦੌਰੇ ਨਾਲ ਇੱਕ ਹੋਰ ਸਵਾਲ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੀ ਪ੍ਰਿੰਸ ਹੈਰੀ, ਮੇਘਨ ਅਤੇ ਉਨ੍ਹਾਂ ਦੇ ਬੱਚੇ ਰਾਜਾ ਚਾਰਲਜ਼ ਤੀਜੇ ਅਤੇ ਮਹਾਰਾਣੀ ਕੈਮਿਲਾ ਨਾਲ ਮੁਲਾਕਾਤ ਕਰਨਗੇ। ਪਿਛਲੇ ਕੁਝ ਸਾਲਾਂ ਦੌਰਾਨ ਹੈਰੀ ਅਤੇ ਸ਼ਾਹੀ ਪਰਿਵਾਰ ਦੇ ਸਬੰਧਾਂ ਨੂੰ ਲੈ ਕੇ ਕਈ ਖਬਰਾਂ ਸਾਹਮਣੇ ਆਉਂਦੀਆਂ ਰਹੀਆਂ ਹਨ, ਜਿਸ ਕਾਰਨ ਲੋਕਾਂ ਵਿੱਚ ਇਸ ਮੁਲਾਕਾਤ ਨੂੰ ਲੈ ਕੇ ਕਾਫੀ ਦਿਲਚਸਪੀ ਹੈ।

ਹਾਲਾਂਕਿ ਬਕਿੰਘਮ ਪੈਲੇਸ ਜਾਂ ਹੈਰੀ ਅਤੇ ਮੇਗਨ ਜੋੜੇ ਵੱਲੋਂ ਇਸ ਦੌਰੇ ਸਬੰਧੀ ਅਜੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ, ਪਰ ਬ੍ਰਿਟਿਸ਼ ਮੀਡੀਆ ਵਿੱਚ ਇਸ ਦੀਆਂ ਚਰਚਾਵਾਂ ਜ਼ੋਰਾਂ 'ਤੇ ਹਨ। ਜੇਕਰ ਇਹ ਦੌਰਾ ਹੁੰਦਾ ਹੈ ਤਾਂ ਇਹ ਨਾ ਸਿਰਫ਼ ਇਨਵਿਕਟਸ ਖੇਡਾਂ ਲਈ ਅਹਿਮ ਹੋਵੇਗਾ, ਸਗੋਂ ਸ਼ਾਹੀ ਪਰਿਵਾਰ ਨਾਲ ਸਬੰਧਾਂ ਨੂੰ ਲੈ ਕੇ ਵੀ ਖਾਸ ਮਹੱਤਵ ਰੱਖੇਗਾ।

# ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨੂੰ ਕਾਂਗਰਸ ਪਾਰਟੀ ਨੇ ਦਿੱਤੀ ਵੱਡੀ ਜ਼ਿੰਮੇਵਾਰੀ, ਪੰਜਾਬ ਓ.ਬੀ.ਸੀ. ਵਿੰਗ ਦੇ ਬਣਾਏ ਚੇਅਰਮੈਨ

**ਨਵਾਂਸ਼ਹਿਰ, 16 ਜੂਨ (ਜਤਿੰਦਰ ਪਾਲ ਸਿੰਘ ਕਲੇਰ)** : ਕਾਂਗਰਸ ਪਾਰਟੀ ਵੱਲੋਂ ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨੂੰ ਵੱਡੀ ਜਿੰਮੇਵਾਰੀ ਸੌਪੀ ਗਈ ਹੈ। ਜਿਸ ਨਾਲ ਨਵਾਂਸ਼ਹਿਰ ਦੇ ਕਾਂਗਰਸੀ ਖੇਮੇ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਕਾਰਤ ਪੱਤਰ ਮੁਤਾਬਕ, ਨਵਾਂਸ਼ਹਿਰ ਦੇ ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨੂੰ ਇੱਕ ਬਹੁਤ ਹੀ ਵੱਕਾਰੀ ਅਤੇ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਕਾਂਗਰਸ ਹਾਈਕਮਾਂਡ ਨੇ ਓਨਾ ਉੱਪਰ ਵੱਡਾ ਭਰੋਸਾ ਜਤਾਉਂਦੇ ਹੋਏ



ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਓ.ਬੀ.ਸੀ. ਵਿੰਗ ਦਾ ਸੂਬਾ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ।

ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇ. ਸੀ. ਵੇਣੂਗੋਪਾਲ ਵੱਲੋਂ ਜਾਰੀ ਪੱਤਰ ਅਨੁਸਾਰ, ਕਾਂਗਰਸ ਪ੍ਰਧਾਨ ਨੇ ਅੰਗਦ ਸਿੰਘ ਨੂੰ ਤੁਰੰਤ ਪ੍ਰਭਾਵ ਤੋਂ ਪੰਜਾਬ ਕਾਂਗਰਸ ਦੇ ਓ.ਬੀ.ਸੀ. ਵਿੰਗ ਦਾ ਚੇਅਰਮੈਨ ਲਗਾਉਣ ਦੇ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਨਿਯੁਕਤੀ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਈ ਹੈ। ਕਾਂਗਰਸ ਪਾਰਟੀ ਵੱਲੋਂ ਇਹ ਸਾਫ਼ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਅੰਗਦ ਸਿੰਘ ਸੈਣੀ ਦੇ ਲੰਬੇ ਸਿਆਸੀ ਤਜਰਬੇ ਅਤੇ ਪਾਰਟੀ ਪ੍ਰਤੀ ਉਨ੍ਹਾਂ ਦੇ ਸਮਰਪਣ 'ਤੇ ਪੂਰਾ ਭਰੋਸਾ ਹੈ। ਇਸ ਨਿਯੁਕਤੀ ਤੋਂ ਬਾਅਦ ਜਿੱਥੇ ਪੰਜਾਬ ਕਾਂਗਰਸ ਦੇ ਓ.ਬੀ.ਸੀ. ਵਿੰਗ ਨੂੰ ਇੱਕ ਨਵੀਂ ਮਜ਼ਬੂਤੀ ਮਿਲੇਗੀ, ਉੱਥੇ ਹੀ ਨਵਾਂਸ਼ਹਿਰ ਹਲਕੇ ਦੇ ਸਮਰਥਕਾਂ ਵੱਲੋਂ ਇਸ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਇਲਾਕੇ ਲਈ ਇੱਕ ਵੱਡੀ ਸਿਆਸੀ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ।

# ਸਿੱਖਿਆ ਵਿਭਾਗ ਦੇ ਖੇਡ ਵਿੰਗਾਂ ਦੇ ਚੋਣ ਟਰਾਇਲਾਂ ਨੂੰ ਭਰਵਾਂ ਹੁੰਗਾਰਾ

**800 ਤੋਂ ਵੱਧ ਖਿਡਾਰੀਆਂ ਨੇ ਦਿੱਤੇ ਚੋਣ ਟਰਾਇਲ, ਜਰਖੜ, ਚਚਰਾੜੀ , ਘੁੱਦਾ ਬਠਿੰਡਾ, ਅੰਮ੍ਰਿਤਸਰ ਦੇ ਖੇਡ ਵਿੰਗਾਂ ਲਈ ਚੁਣੇ ਗਏ ਖਿਡਾਰੀ**






**ਲੁਧਿਆਣਾ 17 ਜੂਨ (ਹਰਜਿੰਦਰ ਪਾਲ ਛਾਬੜਾ)** ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਹਾਕੀ ਦੇ ਵੱਖ ਵੱਖ ਖੇਡ ਵਿੰਗਾਂ ਦੇ ਚੋਣ ਟਰਾਇਲ ਅੱਜ ਸਥਾਨਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਓਲੰਪੀਅਨ ਪ੍ਰਿਥੀਪਾਲ ਸਿੰਘ ਐਸਟਰੋਟਰਫ ਹਾਕੀ ਗਰਾਊਂਡ ਉੱਪਰ ਕਰਵਾਏ ਗਏ । ਇਹਨਾਂ ਚੋਣ ਟਰਾਇਲਾਂ ਵਿੱਚ ਪੰਜਾਬ ਭਰ ਵਿੱਚੋਂ ਵੱਖ-ਵੱਖ ਖੇਡ ਵਿੰਗ ਅੰਡਰ 14 ਸਾਲ, ਅੰਡਰ 17 ਸਾਲ, ਅਤੇ ਅੰਡਰ 19 ਸਾਲ ਲਈ 800 ਦੇ ਕਰੀਬ ਖਿਡਾਰੀਆਂ ਅਤੇ ਖਿਡਾਰਨਾਂ ਨੇ ਹਿੱਸਾ ਲਿਆ।

ਇਹਨਾਂ ਚੋਣ ਟਰਾਇਲਾਂ ਤੋਂ ਬਾਅਦ ਜਰਖੜ ਹਾਕੀ ਅਕੈਡਮੀ ਦੇ 3 ਵਰਗ ਅੰਡਰ 14 ਸਾਲ, ਅੰਡਰ 17 ਸਾਲ ਅਤੇ ਅੰਡਰ 19 ਸਾਲ, ਚਚਰਾੜੀ ਅਕੈਡਮੀ ਦੇ 2 ਵਰਗ ਤੋਂ ਇਲਾਵਾ ਖੇਡ ਵਿੰਗ ਘੁੱਦਾ ਬਠਿੰਡਾ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਲਈ ਵੱਖ ਵੱਖ ਵਰਗਾਂ ਵੱਖ ਵੱਖ ਗਰੁੱਪਾਂ ਲਈ ਖ਼ਿਡਾਰੀ ਅਤੇ ਖਿਡਾਰਨਾਂ ਦੀ ਚੋਣ ਕੀਤੀ ਗਈ।ਇਹਨਾਂ ਚੁਣੇ ਗਏ ਖਿਡਾਰੀਆਂ ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਖਾਣ ਪੀਣ ਅਤੇ ਰਹਿਣ ਸਹਿਣ ਦੀਆਂ ਵਧੀਆ ਸਹੂਲਤਾਂ ਮੁਹਈਆ ਕੀਤੀਆਂ ਜਾਣਗੀਆਂ। ਗਰਮੀਆਂ ਵਿੱਚ ਬੱਚਿਆਂ ਲਈ ਏਸੀ ਦੀ ਸਹੂਲਤ ਵੀ ਹੋਵੇਗੀ। ਇਹ ਚੁਣੇ ਗਏ ਖਿਡਾਰੀ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਜ਼ਿਲ੍ਹਾ ਪੱਧਰ ਤੇ ਸਿੱਧੀ ਪ੍ਰਤਿਨਿਧਤਾ ਕਰਨਗੇ ।ਇਸ ਮੌਕੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੀ ਚੋਣ ਕਮੇਟੀ ਮੈਂਬਰ ਗੁਰਿੰਦਰ ਸਿੰਘ ਸੰਘਾ, ਮਨਪ੍ਰੀਤ ਸਿੰਘ ਮੁੰਡੀਆ, ਤਲਵਿੰਦਰ ਸਿੰਘ, ਕੁਲਵਿੰਦਰ ਸਿੰਘ ਬੋਪਾਰਾਏ, ਧੰਨਾ ਸਿੰਘ ਅੰਮ੍ਰਿਤਸਰ , ਸਤਿੰਦਰ ਕੌਰ ਸੱਤੀ ਤੋਂ ਇਲਾਵਾ ਜਿਲਾ ਸਿੱਖਿਆ ਉਪ ਅਫਸਰ ਕੁਲਬੀਰ ਸਿੰਘ, ਜਸਪ੍ਰੀਤ ਸਿੰਘ, ਜਰਖੜ ਹਾਕੀ ਅਕੈਡਮੀ ਦੇ ਮੁਖ ਕੋਚ ਗੁਰਸਤਿੰਦਰ ਸਿੰਘ ਪ੍ਰਗਟ, ਕੋਚ ਹਰਮੀਤ ਸਿੰਘ , ਕੁਲਵਿੰਦਰ ਸਿੰਘ ਚਚਰਾੜੀ ਆਦਿ ਹੋਰ ਪ੍ਰਬੰਧਕ ਅਤੇ ਬੱਚਿਆਂ ਦੇ ਮਾਪੇ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਐਡਵੋਕੇਟ ਸੰਜੀਵ ਚੇਚੀ ਦੇ ਯਤਨਾਂ ਨੂੰ ਪਿਆ ਬੂਰ; ਕਾਠਗੜ੍ਹ ਹਸਪਤਾਲ 'ਚ ਐਮ.ਡੀ. ਡਾਕਟਰਾਂ ਨੇ ਸੰਭਾਲਿਆ ਮੋਰਚਾ, ਜਲਦ ਬੈਠਣਗੇ ਹੱਡੀਆਂ ਅਤੇ ਚਮੜੀ ਦੇ ਮਾਹਿਰ; ਬਲਾਚੌਰ ਹਸਪਤਾਲ ਦੀ ਕਾਰਗੁਜ਼ਾਰੀ 'ਚ ਵੀ ਵੱਡਾ ਸੁਧਾਰ




**ਨਵਾਂ ਸ਼ਹਿਰ, 17 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਹਲਕਾ ਬਲਾਚੌਰ ਦੇ ਕਾਠਗੜ੍ਹ ਖੇਤਰ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਲਈ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਇੱਕ ਬਹੁਤ ਹੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਇਲਾਕੇ ਦੇ ਪ੍ਰਮੁੱਖ ਆਗੂ ਐਡਵੋਕੇਟ ਸੰਜੀਵ ਚੇਚੀ ਵੱਲੋਂ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਨੂੰ ਦੂਰ ਕਰਵਾਉਣ ਲਈ ਕੀਤੇ ਗਏ ਅਣਥੱਕ ਯਤਨਾਂ ਨੂੰ ਵੱਡੀ ਸਫ਼ਲਤਾ ਮਿਲੀ ਹੈ, ਜਿਸ ਸਦਕਾ ਹੁਣ ਇਲਾਕਾ ਨਿਵਾਸੀਆਂ ਨੂੰ ਘਰ ਦੇ ਨੇੜੇ ਹੀ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਸੰਜੀਵ ਚੇਚੀ ਨੇ ਦੱਸਿਆ ਕਿ ਉਹ ਇਸੇ ਮਹੀਨੇ ਦੀ 2 ਤਰੀਕ ਨੂੰ ਪੰਜਾਬ ਦੇ ਸਿਹਤ ਮੰਤਰੀ ਸਾਹਿਬ ਨੂੰ ਖ਼ਾਸ ਤੌਰ 'ਤੇ ਮਿਲ ਕੇ ਆਏ ਸਨ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਕਾਠਗੜ੍ਹ ਹਸਪਤਾਲ ਦੇ ਮਸਲੇ ਨੂੰ ਬੜੀ ਗੰਭੀਰਤਾ ਨਾਲ ਉਠਾਇਆ ਸੀ ਅਤੇ ਮੰਗ ਕੀਤੀ ਸੀ ਕਿ ਉੱਥੇ ਡਾਕਟਰਾਂ ਦੀ ਗਿਣਤੀ ਤੁਰੰਤ ਵਧਾਈ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਹਲਕਾ ਬਲਾਚੌਰ ਦੇ ਹਸਪਤਾਲਾਂ ਵਿੱਚ ਸਿਹਤ ਸੇਵਾਵਾਂ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਦਾ ਮੁੱਦਾ ਵੀ ਸਿਹਤ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਸੀ।

ਸੰਜੀਵ ਚੇਚੀ ਦੇ ਇਨ੍ਹਾਂ ਯਤਨਾਂ ਨੂੰ ਬੂਰ ਪੈਂਦਾ ਦੇਖ ਅੱਜ ਕਾਠਗੜ੍ਹ ਹਸਪਤਾਲ ਦੇ ਵਿੱਚ ਐਮ.ਡੀ. ਡਾਕਟਰਾਂ ਨੇ ਬੈਠਣਾ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਪਹਿਲਾਂ ਆ ਰਹੀਆਂ ਭਾਰੀ ਮੁਸ਼ਕਿਲਾਂ ਅਤੇ ਅਸੁਵਿਧਾਵਾਂ ਹੁਣ ਵੱਡੀ ਸੁਵਿਧਾ ਵਿੱਚ ਬਦਲ ਗਈਆਂ ਹਨ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਦੇ ਵਿੱਚ ਇੱਥੇ ਚਮੜੀ ਦੇ ਮਾਹਿਰ (ਸਕਿਨ ਸਪੈਸ਼ਲਿਸਟ) ਅਤੇ ਹੱਡੀਆਂ ਦੇ ਮਾਹਿਰ (ਔਰਥੋਪੈਡਿਕ) ਡਾਕਟਰ ਵੀ ਸੇਵਾਵਾਂ ਦੇਣ ਲਈ ਪਹੁੰਚ ਰਹੇ ਹਨ। ਪਹਿਲਾਂ ਇਹ ਸਮੱਸਿਆ ਆ ਰਹੀ ਸੀ ਕਿ ਛੋਟੇ ਹਸਪਤਾਲਾਂ ਵਾਲੇ ਮਰੀਜ਼ਾਂ ਨੂੰ ਅੱਗੇ ਰੈਫਰ ਕਰ ਦਿੰਦੇ ਸਨ, ਪਰ ਬਲਾਚੌਰ ਹਸਪਤਾਲ ਵਾਲੇ ਉਨ੍ਹਾਂ ਨੂੰ ਐਕਸੈਪਟ (ਸਵੀਕਾਰ) ਨਹੀਂ ਸਨ ਕਰਦੇ ਅਤੇ ਮਰੀਜ਼ਾਂ ਨੂੰ ਖ਼ੁਆਰ ਹੋ ਕੇ ਨਵਾਂ ਸ਼ਹਿਰ ਜਾਣਾ ਪੈਂਦਾ ਸੀ। ਪਰ ਹੁਣ ਬਲਾਚੌਰ ਦੇ ਸਰਕਾਰੀ ਹਸਪਤਾਲ ਦੀ ਕਾਰਗੁਜ਼ਾਰੀ ਅਤੇ ਪ੍ਰਬੰਧਾਂ ਵਿੱਚ ਵੀ ਬਹੁਤ ਵੱਡਾ ਸੁਧਾਰ ਹੋਇਆ ਹੈ।

ਐਡਵੋਕੇਟ ਸੰਜੀਵ ਚੇਚੀ ਨੇ ਅੱਗੇ ਦੱਸਿਆ ਕਿ ਇਲਾਕੇ ਦੀਆਂ ਆਯੁਰਵੇਦਿਕ ਡਿਸਪੈਂਸਰੀਆਂ ਦੇ ਸੁਧਾਰ ਲਈ ਵੀ ਆਉਣ ਵਾਲੇ ਸਮੇਂ ਵਿੱਚ ਵਿਸ਼ੇਸ਼ ਫੰਡ ਆ ਰਹੇ ਹਨ, ਜਿਸ ਨਾਲ ਪੇਂਡੂ ਖੇਤਰ ਦਾ ਸਿਹਤ ਢਾਂਚਾ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਨੇ ਇਨ੍ਹਾਂ ਇਤਿਹਾਸਕ ਸੁਧਾਰਾਂ ਲਈ ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਮਸਲੇ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰ ਰਹੀ ਹੈ ਅਤੇ ਆਮ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਬਲਾਚੌਰ-ਰੋਪੜ੍ਹ ਹਾਈਵੇ 'ਤੇ ਵਾਪਰ ਰਹੇ ਭਿਆਨਕ ਹਾਦਸਿਆਂ ਨੂੰ ਰੋਕਣ ਲਈ ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਲੋਕ ਨਿਰਮਾਣ ਮੰਤਰੀ ਅਤੇ ਨਿਤਿਨ ਗਡਕਰੀ ਨੂੰ ਪੱਤਰ; ਸੁਰੱਖਿਆ ਆਡਿਟ ਕਰਵਾਉਣ ਦੀ ਕੀਤੀ ਮੰਗ



**ਨਵਾਂ ਸ਼ਹਿਰ, 17 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਨੈਸ਼ਨਲ ਹਾਈਵੇ 344ਏ (ਬਲਾਚੌਰ-ਰੋਪੜ੍ਹ ਸੜਕ) 'ਤੇ ਆਸਰੋਂ ਤੋਂ ਲੈ ਕੇ ਬਲਾਚੌਰ ਤੱਕ ਨਿੱਤ ਦਿਨ ਵਾਪਰ ਰਹੇ ਭਿਆਨਕ ਸੜਕ ਹਾਦਸਿਆਂ ਅਤੇ ਇਨ੍ਹਾਂ ਵਿੱਚ ਜਾ ਰਹੀਆਂ ਕੀਮਤੀ ਜਾਨਾਂ ਨੂੰ ਰੋਕਣ ਲਈ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਇੱਕ ਅਹਿਮ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਨੇ ਇਸ ਗੰਭੀਰ ਮੁੱਦੇ ਨੂੰ ਲੈ ਕੇ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਕੇਂਦਰੀ ਸੜਕ ਆਵਾਜਾਈ ਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੂੰ ਇੱਕ ਸਰਕਾਰੀ ਪੱਤਰ ਲਿਖ ਕੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ।

ਬ੍ਰਿਗੇਡੀਅਰ ਰਾਜ ਕੁਮਾਰ ਨੇ ਪੱਤਰ ਰਾਹੀਂ ਪ੍ਰਸ਼ਾਸਨ ਦਾ ਧਿਆਨ ਇਸ ਗੱਲ ਵੱਲ ਦਿਵਾਇਆ ਕਿ ਇਸ ਹਾਈਵੇ ਦੇ ਫੋਰ-ਲੇਨਿੰਗ ਪ੍ਰੋਜੈਕਟ ਦੌਰਾਨ ਡਿਜ਼ਾਈਨ ਅਤੇ ਨਿਰਮਾਣ ਵਿੱਚ ਰਹਿ ਗਈਆਂ ਕੁਝ ਵੱਡੀਆਂ ਕਮੀਆਂ ਕਾਰਨ ਇਹ ਹਾਦਸੇ ਲਗਾਤਾਰ ਵਾਪਰ ਰਹੇ ਹਨ, ਜਿਸ ਕਾਰਨ ਸਥਾਨਕ ਨਿਵਾਸੀਆਂ ਅਤੇ ਰਾਹਗੀਰਾਂ ਵਿੱਚ ਭਾਰੀ ਚਿੰਤਾ ਅਤੇ ਡਰ ਦਾ ਮਾਹੌਲ ਹੈ।

ਉਨ੍ਹਾਂ ਨੇ ਹਾਈਵੇ ਦੀਆਂ ਮੁੱਖ ਖਾਮੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕੰਗਣਾ ਬ੍ਰਿਜ ਦੇ ਨੇੜੇ ਬਲਾਚੌਰ ਟਰਨਿੰਗ ਪੁਆਇੰਟ 'ਤੇ ਭਾਰੀ ਟ੍ਰੈਫਿਕ ਦੇ ਬਾਵਜੂਦ ਟੂ-ਵੇਅ ਫਲਾਈਓਵਰ ਨਹੀਂ ਬਣਾਇਆ ਗਿਆ। ਇਸ ਦੇ ਨਾਲ ਹੀ ਕੰਗਣਾ ਬ੍ਰਿਜ, ਗੜ੍ਹੀ ਕਾਨੂੰਨਗੋ ਅਤੇ ਬਲਾਚੌਰ ਦੇ ਵਿਚਕਾਰ ਸਥਿਤ 'ਭੁਲੇਖਾ ਚੌਂਕ' ਵਰਗੇ ਸਥਾਨਕ ਕਰਾਸਿੰਗ ਬੇਹੱਦ ਅਸੁਰੱਖਿਅਤ ਹਨ। ਕਾਠਗੜ੍ਹ ਟਰਨਿੰਗ ਪੁਆਇੰਟ 'ਤੇ ਵੀ ਫਲਾਈਓਵਰ ਦੀ ਅਣਹੋਂਦ ਹੈ ਅਤੇ ਹਾਈਵੇ 'ਤੇ ਕਈ ਥਾਵਾਂ 'ਤੇ ਗੈਰ-ਕਾਨੂੰਨੀ ਜਾਂ ਗੈਰ-ਜ਼ਰੂਰੀ ਕੱਟ/ਓਪਨਿੰਗਸ ਬਣਾਏ ਗਏ ਹਨ, ਜੋ ਸਿੱਧੇ ਤੌਰ 'ਤੇ ਹਾਦਸਿਆਂ ਨੂੰ ਸੱਦਾ ਦਿੰਦੇ ਹਨ। ਇਸ ਤੋਂ ਇਲਾਵਾ ਮੁੱਖ ਚੌਂਕਾਂ 'ਤੇ ਟ੍ਰੈਫਿਕ ਪ੍ਰਬੰਧਨ ਅਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਨਹੀਂ ਹਨ।

ਬ੍ਰਿਗੇਡੀਅਰ ਰਾਜ ਕੁਮਾਰ ਨੇ ਮੰਤਰੀ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਮਨੁੱਖੀ ਜਾਨਾਂ ਦੇ ਹੋ ਰਹੇ ਨੁਕਸਾਨ ਨੂੰ ਦੇਖਦੇ ਹੋਏ ਇਸ ਮਾਮਲੇ ਨੂੰ ਨੈਸ਼ਨਲ ਹਾਈਵੇਜ਼ ਅਥਾਰਟੀ ਆਫ਼ ਇੰਡੀਆ ਕੋਲ ਤੁਰੰਤ ਉਠਾਇਆ ਜਾਵੇ ਤਾਂ ਜੋ ਇਸ ਪੂਰੇ ਹਿੱਸੇ ਦਾ ਵਿਆਪਕ ਸੁਰੱਖਿਆ ਆਡਿਟ ਕਰਵਾ ਕੇ ਜਲਦ ਤੋਂ ਜਲਦ ਸੁਧਾਰ ਦੇ ਕਦਮ ਚੁੱਕੇ ਜਾ ਸਕਣ। ਉਨ੍ਹਾਂ ਕਿਹਾ ਕਿ ਸਮੇਂ ਸਿਰ ਕੀਤੀ ਗਈ ਕਾਰਵਾਈ ਨਾਲ ਹਜ਼ਾਰਾਂ ਵਾਹਨ ਚਾਲਕਾਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਬਣਾਇਆ ਜਾ ਸਕਦਾ ਹੈ।

ਇਸ ਪੱਤਰ ਦੀਆਂ ਕਾਪੀਆਂ ਐਨ ਐਚ ਏ ਆਈ ਦੇ ਚੇਅਰਮੈਨ, ਡਿਪਟੀ ਕਮਿਸ਼ਨਰ ਐਸ.ਬੀ.ਐਸ. ਨਗਰ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਐਸ.ਬੀ.ਐਸ. ਨਗਰ ਨੂੰ ਵੀ ਲੋੜੀਂਦੀ ਕਾਰਵਾਈ ਲਈ ਭੇਜੀਆਂ ਗਈਆਂ ਹਨ।

# Tarksheel Society Demands Immediate Withdrawal of the Chief Minister Pilgrimage Scheme

## Government Should Focus on Fulfilling People's Basic Needs Instead of Pursuing Communal Politics

## Decision Taken to Organize a Three-Day Book Fair in August

**Sangrur June 17, 2026**

A special meeting of the State Working Committee of the Tarksheel Society Punjab was held at Tarksheel Bhawan, Barnala, under the chairmanship of State Organizing Head Master Rajinder Bhadaur. The meeting strongly demanded the immediate discontinuation of the free pilgrimage tours being organized by the Punjab Government under the Chief Minister Pilgrimage Scheme, describing them as blatantly unconstitutional and a waste of crores of rupees of public funds. On this occasion, it was also decided to organize a three-day book fair in August at Tarksheel Bhawan, Barnala, dedicated to the promotion and dissemination of scientific temper and in memory of rationalist intellectual Dr. Narendra Dabholkar.



Providing information in this regard, State Committee leaders Master Rajinder Bhadaur, Hem Raj Steno, Rajesh Akalia, Rajpal Singh, and Sumeet Amritsar stated that according to the Indian Constitution, the Indian State is founded on the principle of secularism. Therefore, neither the Punjab Government nor any other government has any legal or moral right to spend valuable public funds, collected through taxes, on religious activities—particularly at a time when millions of farmers, workers, and people from marginalized sections of society are deprived of basic facilities such as education, healthcare, and employment.

State Committee leaders Ram Swaran Lakhewali, Sukhwinder Bagpur, Joginder Kullewal, and Jaswinder Phagwara strongly opposed the scheme and said that it has no connection with the basic development needs or welfare of ordinary people. Rather, it is purely a form of communal politics aimed at garnering votes through religious sentiments. They questioned how the Aam Aadmi Party government could reintroduce the scheme when the Punjab and Haryana High Court had earlier directed the Akali-BJP government to withdraw the Chief Minister Pilgrimage Scheme.

On this occasion, State Committee leaders Surjit Tibba, Gurpreet Shahina, and Kuljit Fazilka alleged that while the Punjab Government cites an empty treasury as a pretext to deny government employees their 18% Dearness Allowance (DA), the Old Pension Scheme, and 34 categories of allowances, it is simultaneously subjecting educated unemployed youth to inhumane treatment for demanding government jobs, forcing farmers and workers into conditions of severe hardship, and selling public institutions at throwaway prices. In stark contrast, they said, crores of rupees are being wasted daily on unnecessary publicity campaigns and the communal politics of pilgrimage schemes.

During the meeting, Zonal leaders Master Param Ved, Jaswant Jirakh, Sukhdev Phagwara, Ajit Pardesi, Madam Kulwant Kaur, Sukhwinder Goga, Balraj Maur, Praveen Jandwala, Amrit Rishi, and Jasvir Soni emphasized the need for a public movement to secure the enactment of an Anti-Superstition Law in Punjab.

**Issued by:**
**Sumeet Singh**
**State Media Secretary**
**Tarksheel Society Punjab**
**7696030173**




# Congress and INDIA Alliance need mutual trust

## Targeting left parties is not a great Strategy to strengthen Congress Mr Rahul Gandhi

THE ASIAN INDEPENDENT UK

Congress leader Rahul Gandhi remains in the news all the time. The 'experts' are divided between his adversaries or supporters and there seems to be no space for any one who disagree with both. Long back, Congress Party was accused of creating a situation where all the non BJP forces had to ultimately come to it in the name of threat from 'Hindutva'. Now the netas decided to do away with it and BJP seems softer option for many. Ultimately, power means everything for the society where people have been subguated and oppressed in the name of their identity for centuries.

Anyway, a couple of comments raised outrage recently. One was made by Ramchandra Guha who had been a critique of Gandhi family and felt they are responsible for everything that India is today. He felt that Rahul Gandhi is not 'qualified' to become India's prime minister. Now, we know very well that there is nothing called qualification in politics particularly in democracies and that is why we get clowns to lead us. It is not merely an Indian crisis. Democracy is throwing highly undemocratic people and mediocres to lead and I have mentioned it many time that today this Westminster model of government is now basically corporate control and ensure that corporate gains from this model. It has resulted in degenration of leadership in the name of people's choice. The result is Russia, China, Iran, North Korea are showcasing better diplomacy and democratic practices than these so called democcracies. You agree with Rahul Gandhi or not but he is certainly qualified to become Prime Minister of India if people elect him. Nehru was in the nationalist movement since 1912 after his return and then joined Home rule league in 1916. He became an active part of Gandhi's movement after 1920. From 1912 to finally 1947 took Nehru almost 35 years to become prime minister of India. Back home, Atal Bihari Vajpayee contested in 1957 but he became prime minister in 1996, almost after 40 years of being in public life. Similar thing happened with Chandrashekhar. Many illustrious leaders such as Ram Manohar Lohia, Acharya Narendra Dev, Jai Prakash Narayan, K Kamraj, E M S Namoodaripad, Jyoti Basu could never become prime minister of India but that does not mean they did not exists or have not contributed for the growth of India. So, nobody has a right to give this sermon to any one whether one can become prime minister or even minister of India.

One can agree and disagree with political leaders, their ideological positions and working pattern but personally it is unprofessional to suggest one can become or not become the prime minister. After all, we are the 'speical' qualifications of those who have become Prime Minister. Let us see what is special about Narendra Modi ? Yes, his critique will only emerge after him and not during this period and it indicate unambiguously how India's is enjoying 'press freedom' as well as 'intellectual autonomy'.

The fact is that Modi and BJP's criticism is 'acceptable' if you hit Congress particularly Rahul Gandhi and Gandhi family crudely and humiliate them in the name of humour and criticism. Whether one agree or not, Rahul Gandhi is the biggest challenge to BJP and RSS and they know that is just the Gandhis who keep Congress going and once they are humiliated and kept out of the power structure of the party, it would be easier for the BJP to fulfill its dream. The entire project to defame Nehru and Gandhis actually have the simple idea to disorient Congress party which still have its presence all over the country. The RSS knows well that no other party is in a position to challenge its hegemony except Congress which still has a huge network in almost every state of the country. It is another factor that Congress leadership today is unable to renergise those Congress people so far who are by heart congress men for generations and have not joined it merely for the sake of power.

Rahul Gandhi is trying to experiment new things in the party which make him different than other politicians. It shows his sensitivity too. Meeting people, giving them comfort or raising the issues of different sectors is good but how much will they succeed, will have to be seen in future. It is true that a huge number of youngsters who used to mock at him earlier have realised that they were wrong. The video that Rahul Gandhi posted related to 'Great Nicobar' Project on the World Environment Day was simply superb and made this issue international as millions of people watched it on youtube and other social media networks. Whether Ram Guha or Shekhar Suman, finally their humour and 'criticism' will attempt to damage the opposition more than the ruling party.

After the recent elections, there is a new 'energy' in the Congress and the regional forces seems to be down. INDIA alliance organsied its meeting and Rahul Gandhi gave a 'historic' speech. There are several serious questions emerging from this. The first one is that the Institutions that ensure free and fair polls and level playing field essential for a democracy dont exists today or are thoroughly compromised. Rahul has raised this issue in the past also particularly related to SiR and how the electoral roles have been manipulated. It is a fact that he said it about Haryana, Karnataka, Maharashtra and Bihar. It is also a darker reality that INDIA alliance members actually did not take this issue seriously. Even the Bengal Bihar Yatra that Rahul Gandhi undertook before the Bihar polls focussing on Vote-Chori never got support either from Mamta Banerjee or RJD and Tejasvi Yadav. Everyone felt that Rahul Gandhi and Congress was unable to defeat BJP hence making all these noises. The fact is that in the INDIA alliance most of the leaders felt that Congress was the 'weakest link' in their fight against BJP but now the results of the recently concluded elections have hit TMC and DMK the most. Everyone was sure of their return-



ing to power. Most importantly, the crisis in Bengal is more serious as it is just a month and Mamata has lost some of her closest colleagues. The party is on the verge of division. DMK has a historic legacy of Periyar's Self Respect Movement hence it will not get wipe out as it has seen such ups and downs but it too became over confident about its victory resulting the massive defeat that it faced. TVK seems to be following MGR mantra of involving Dalits, minorities and Brahmins in his fold apart from targetting Periyarists and backward communities.

While one may agree with various points raised by Rahul Gandhi, the



By Vidya Bhushan Rawat*

speech look preachy too. To tell that only Congress is fighting or is 'resistence' movment simply ignore the grave realities of the party. It is a fact that during the freedom movement, Gandhi ji made Congress a national movement. Gandhi succeeded in unifying India because he had huge number of leaders with him, extremely capable and committed. Right from Nehru, Subhas, Patel, Maulana Azad, Rajendra Prasad to numerous others Congress that time did not have dearth of leaders who were committed to not only India's freedom but also social reform. I am calling Gandhi's Social reform because to be candid, Gandhi and Congress people were not revolutionaries. In fact, a large number of them were reactionaries too but they were still honest people despite being socially conservatives. The real down fall of Congress organisational structure started initially in the 1974 onwards when Sanjay Gandhi dominated the political scene. Congress started drifting from its secular idealism and started promoting 'managers'. When Indira Gandhi returned to power in 1980, the party had the managers but loyalty was always acknowledged which was important but it also created a new age of what late kansiram once described 'Chamcha Age'. Loyalty to the leader and the party is important but converting it to create Chamcha stuff will only endanger party as Chamchas will be available only when the party is in power or they are benefitted from the system. As long as they realise that there is no chance or monetary benefit being with the leader or the party they shift.

The managers and loyalists of the party are useful when the party is in the power but it is the 'ideological' people who remain with the party during its toughest moment and Congress lost its ideological part. Since 1980s after Indira Gandhi's return and then when Rajiv Gandhi became prime minister, Congress followed the soft Hindutva track. The mistake that Rajiv made speaking of Ramrajya from Ayodhya and then his flip flop on Shahbano resulted in strengthening the BJP. Congress never wanted secular forces to be its main opposition rival as BJP suited it well. The result was Congress fought more against the secular parties then the BJP.

The third disaster that Congress did during this period was when BJP withdrew support from V P Singh's government. Everybody knew that the withdrawal of support was to stall the Mandal Commission report which the government had accepted but Rajiv Gandhi spoke against the Mandal report in Parliament and was happy for the fall of the government. If he had guts and political understanding, he should have supported VP Singh and India would not have seen this day. Installing a Chandrashekar government which did not have enough members of Parliament only gave opportunity to BJP to mock at all the secular parties.

Both Narsimharao and ManMohan Singh promoted the liberalisation policies and destroyed all the public sector that Nehru and Indira Gandhi had built. Both of them were soft on taking on Hindutva. In fact, Narsimharao's action took congress to ICU particularly in Uttar Pradesh and Bihar. Had Congress supported Mandal Commission Report, it would not have faced such a crisis in both Uttar Pradesh and Bihar. The economic policies pursued by Manmohan, Chidambaram and Montek Singh Ahluwallia were least helping the Adivasis and Dalits. Congress's puppet intellectuals misguided and made NREGA as the answer for all the problems of India. Hence Congress focussed on MNREGA but actively supported SEZs in different parts of the country resulting in displacement of Adivasis and other forest dwelling communities. The alienation of Dalits, adivasis and Muslims was complete from the party as they did nothing to win them over. The managers were not keen.



The most outstanding minister during first UPA was Mr Arjun Singh but Sonia Gandhin despised him. He was never made a minister again and corrupt Pranab Mukherjee was promoted. I am still shocked to see Rahul Gandhi speak so loudly on Social Justice yet never bother to even mention about V P Singh or Arjun Singh. Why ? These days, he take the name of late kanshiram ji as well as Ms Mayawati too but not the people who were Congress person. Both VP and Arjun Singh were Chief minister during Indira ji's period and were extremely loyal to her.

Even today, the Congress has left out leaders like Digvijay Singh who started the diversity debate during his chief ministership and has been a secular liberal leader committed to the cause of social justice. Digvijay Singh is actually one of the most well connected and thoughtful leaders of the party even today but Congress High Command always look the otherway round. One does not know why ?

So it is simply not ideological politics when Rahul Gandhi was saying that CPI ( M) should not complain to him if he is not ready to hug Pinyari Vijayan. Rahul Gandhi must understand that the left parties and I have critiqued them but their role on raising the issues off workers, privatisation, violence against dalits and minorities is simply much bigger than the Congress party. It is the left trade unions, left parties student wings who have been more actives in the campuses and in the street on important issues facing the nation and not really the Congress party. Ofcourse, we are seeing Congress party protesting these days and NSUI too working harder and it is a good thing but that does not delete the work done by the left parties. Can he ever think of how simple the left leaders have been. Congress and Rahul cant do that even today. We have seen comrade Indrajeet Gupta, A B Bardhan, Sitaram Yechury as well as socialist icons like Madhu Dandvate, Surendra Mohan and others walking at the Constituent Club lawns, waiting for local transport for commuting. Even today, Comrade Deepankar Bhattacharya use the public transport for travelling most of the time but his party has been extremely active in Bihar with the most marginalised raising their issues of land and livelihood. Congress's pampered workers would not go to work with landless Dalits, adivasis and marginalised.

My point is not deny Rahul Gandhi what he is doing. He has brought Congress back in action. It is energised and raising people's issue but it still need a lot. Yes, it is a fact that Congress need to be strengthened to defeat the BJP. There is no second thought on it but Rahul Gandhi must not make statement which look more preachy and hurtful. Among all the current parties, left parties despite alll criticism are still committed to the cause. Congress attitude towards DMK was highly questionable. While none deny the fact that Rahul acted fast so that BJP could not intervene in Tamilnadu, it could have done in a better way and not by abusing each other who had been your partner. DMK after all remain a secular liberal party committed to the ideals of Periyar and has a history no less than Congress Party.

INDIA alliance should grow and develop a strategy and Rahul Gandhi remain an important part of it but Congress also must realise that whereever it is in power it should not try to eliminate foces of secularism, social justice from the opposition space. I want a strong Congress but at the same point of time, I would always say parties like DMK, left parties, SP BSP must also flourish. This is what VP Singh used to suggest that opposition spaces should also be occupied by the secular parties but then when Congress was in power it eliminated them and the result is what we are facing today. However, this is a historic opportunity for all to look whereever they are powerful and decide your candidates well in advance. Do not provide space for friendly fight. Focus on common agenda and try not to give 'off the record' byte to the media people. There are many who continue to encourage these gossips which ultimately hurt all. India need a stronger and vibrant Congress but it also need strengthening of all the political parties who believe in democracy, secularism and social justice. Single party hegemony must be opposed as it is the biggest threat to our democracy.

**Vidya Bhushan Rawat is free today. But if you enjoyed this post, you can tell Vidya Bhushan Rawat that their writing is valuable by pledging a future subscription. You won't be charged unless they enable payments. Pledge your support**

# ਵਿਸ਼ਵ ਸ਼ਾਂਤੀ, ਸਮਾਨਤਾ ਅਤੇ ਭਾਈਚਾਰੇ ਦਾ ਸੰਦੇਸ਼ ਲੈ ਕੇ ਅੰਤਰਰਾਸ਼ਟਰੀ ਭੀਖੂ ਸੰਘ ਪਦਯਾਤਰਾ ਫਿਲੌਰ ਅਤੇ ਜਲੰਧਰ ਪਹੁੰਚੀ








**ਸਮਾਜ ਵੀਕਲੀ ਯੂ ਕੇ**

ਪੰਜਾਬ- ਸ਼ਾਂਤੀ, ਦਇਆ, ਸਮਾਨਤਾ ਅਤੇ ਮਨੁੱਖੀ ਭਾਈਚਾਰੇ ਦੇ ਸੰਦੇਸ਼ ਨੂੰ ਫੈਲਾਉਣ ਦੇ ਉਦੇਸ਼ ਨਾਲ ਵੱਖ-ਵੱਖ ਦੇਸ਼ਾਂ ਦੇ ਭਿਕਸ਼ੂਆਂ ਦੁਆਰਾ ਆਯੋਜਿਤ ਅੰਤਰਰਾਸ਼ਟਰੀ ਬੋਧੀ ਪਦਯਾਤਰਾ 16 ਜੂਨ, 2026 ਨੂੰ ਭਾਰਤ ਵਿੱਚ ਦਾਖਲ ਹੋਈ ਅਤੇ ਆਪਣੇ ਨਿਰਧਾਰਤ ਰਸਤੇ ‘ਤੇ ਅੱਗੇ ਵਧ ਰਹੀ ਹੈ। ਪੰਜਾਬ ਦੇ ਸੰਘੋਲ ਤੋਂ ਸ਼ੁਰੂ ਹੋਈ ਇਹ ਇਤਿਹਾਸਕ ਪਦਯਾਤਰਾ ਅੱਜ ਫਿਲੌਰ ਪਹੁੰਚੀ, ਜਿੱਥੇ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਇਸਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਫਿਲੌਰ ਵਿੱਚ ਬੁੱਧਾ ਪਾਰਕ ਵਿਚ ਲੱਗੇ ਬੁੱਧਾ ਸਟੈਚੂ ਦੀ ਪਰਿਕਰਮਾ ਕਰਦੇ ਹੋਏ ਭਿਕਸ਼ੂਆਂ ਨੇ ਚੈਂਟਿੰਗ ਕੀਤੀ ਅਤੇ ਵਿਸ਼ਵ ਸ਼ਾਂਤੀ ਦਾ ਉਪਦੇਸ਼ ਦਿੱਤਾ, ਇਸ ਤੋਂ ਬਾਅਦ, ਪਦਯਾਤਰਾ ਆਪਣੇ ਅਗਲੇ ਪੜਾਅ ‘ਤੇ ਚਲੀ ਗਈ। ਇਸ ਮੌਕੇ, ਤਕਸ਼ਸ਼ਿਲਾ ਬੋਧੀ ਵਿਹਾਰ ਦੇ ਇੰਚਾਰਜ ਭੰਤੇ ਪ੍ਰਗਿਆ ਬੋਧੀ ਸਮੇਤ ਵੱਖ-ਵੱਖ ਦੇਸ਼ਾਂ ਦੇ ਬੋਧੀ ਭਾਈਚਾਰੇ ਦੇ ਮੈਂਬਰਾਂ ਨੇ ਸ਼ਾਂਤੀ, ਕਰੂਨਾਂ ਅਤੇ ਮੈਤਰੀ ਦਾ ਸੰਦੇਸ਼ ਸਾਂਝਾ ਕੀਤਾ।





ਯਾਤਰਾ ਦੌਰਾਨ, ਕਈ ਸਮਾਜਿਕ, ਧਾਰਮਿਕ ਅਤੇ ਮਾਨਵਤਾਵਾਦੀ ਸੰਗਠਨਾਂ, ਬੋਧੀ ਸ਼ਰਧਾਲੂਆਂ ਨੇ ਵੱਖ-ਵੱਖ ਲੋਕਾਂ ਨੇ ਯਾਤਰਾ ਨੂੰ ਵਿਸ਼ਵ ਸ਼ਾਂਤੀ ਅਤੇ ਸਮਾਜਿਕ ਸਦਭਾਵਨਾ ਦਾ ਪ੍ਰਤੀਕ ਦੱਸਦੇ ਹੋਏ ਆਪਣਾ ਪੂਰਾ ਸਮਰਥਨ ਪ੍ਰਗਟ ਕੀਤਾ। ਪ੍ਰਬੰਧਕਾਂ ਨੇ ਦੱਸਿਆ ਕਿ ਯਾਤਰਾ ਪੰਜਾਬ ਤੋਂ ਪਰੇ ਜਾਰੀ ਰਹੇਗੀ, ਜਲੰਧਰ ਸਮੇਤ ਵੱਖ-ਵੱਖ ਖੇਤਰਾਂ ਵਿੱਚੋਂ ਲੰਘਦੀ ਹੋਏਗੀ ਅਤੇ ਅੰਤ ਵਿੱਚ ਲੇਹ-ਲਦਾਖ ਪਹੁੰਚੇਗੀ, ਜਿੱਥੇ ਇਹ ਸਮਾਪਤ ਹੋਵੇਗੀ। ਯਾਤਰਾ ਦਾ ਮੁੱਖ ਉਦੇਸ਼ ਭਾਰਤ ਅਤੇ ਦੁਨੀਆ ਵਿੱਚ ਸਮਾਨਤਾ, ਆਜ਼ਾਦੀ, ਭਾਈਚਾਰਾ, ਦਇਆ, ਅਹਿੰਸਾ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਦਾ ਸੰਦੇਸ਼ ਫੈਲਾਉਣਾ ਹੈ।

ਬੁਲਾਰਿਆਂ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 14 ਅਕਤੂਬਰ, 1956 ਨੂੰ ਬੁੱਧ ਧਰਮ ਅਪਣਾ ਕੇ ਭਾਰਤ ਨੂੰ ਸਮਾਨਤਾ, ਤਰਕ, ਮਨੁੱਖਤਾ ਅਤੇ ਵਿਗਿਆਨਕ ਸੋਚ ਦਾ ਰਸਤਾ ਦਿਖਾਇਆ। ਉਨ੍ਹਾਂ ਦਾ ਸੁਪਨਾ ਇੱਕ ਅਜਿਹਾ ਭਾਰਤ ਬਣਾਉਣਾ ਸੀ ਜਿੱਥੇ ਜਾਤ, ਵਿਤਕਰਾ ਅਤੇ ਹਿੰਸਾ ਦੀ ਕੋਈ ਥਾਂ ਨਾ ਹੋਵੇ, ਅਤੇ ਜਿੱਥੇ ਹਰ ਵਿਅਕਤੀ ਨੂੰ ਸਤਿਕਾਰ ਅਤੇ ਬਰਾਬਰ ਮੌਕੇ ਮਿਲਣ। ਉਨ੍ਹਾਂ ਕਿਹਾ ਕਿ ਅੱਜ ਦੁਨੀਆ ਦੇ ਕਈ ਹਿੱਸਿਆਂ ਵਿੱਚ ਵਧਦੀ ਹਿੰਸਾ, ਯੁੱਧ, ਨਸ਼ਾਖੋਰੀ, ਕੱਟੜਤਾ ਅਤੇ ਸਮਾਜਿਕ ਤਣਾਅ ਦੇ ਸਮੇਂ ਵਿੱਚ, ਭਗਵਾਨ ਬੁੱਧ ਦਾ ਸ਼ਾਂਤੀ, ਦਇਆ ਅਤੇ ਦੋਸਤੀ ਦਾ ਸੰਦੇਸ਼ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਿਕ ਹੋ ਗਿਆ ਹੈ। ਇਹ ਪਦਯਾਤਰਾ ਇਹ ਸੰਦੇਸ਼ ਦੇ ਰਹੀ ਹੈ ਕਿ ਸਮਾਜਿਕ ਤਬਦੀਲੀ ਟਕਰਾਅ ਅਤੇ ਦੁਸ਼ਮਣੀ ਰਾਹੀਂ ਨਹੀਂ, ਸਗੋਂ ਸੰਵਾਦ, ਸਦਭਾਵਨਾ, ਦਇਆ ਅਤੇ ਸ਼ਾਂਤੀ ਰਾਹੀਂ ਸੰਭਵ ਹੈ। ਇਹ ਯਾਤਰਾ ਸਿਰਫ਼ ਇੱਕ ਧਾਰਮਿਕ ਪ੍ਰੋਗਰਾਮ ਨਹੀਂ ਹੈ, ਸਗੋਂ ਮਨੁੱਖਤਾ, ਜਿਸ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਹਰ ਵਿਅਕਤੀ ਤੱਕ ਸ਼ਾਂਤੀ ਅਤੇ ਭਾਈਚਾਰੇ ਦੇ ਇਸ ਸੰਦੇਸ਼ ਨੂੰ ਫੈਲਾਉਣਾ ਚਾਹੀਦਾ ਹੈ।

ਜਲੰਧਰ ਵਿਖੇ ਸ਼ਾਂਤੀ ਮਾਰਚ ਦਾ ਸ਼ਾਨਦਾਰ ਸਵਾਗਤ ਸਿਧਾਰਥ ਨਗਰ ਬੁੱਧ ਵਿਹਾਰ ਅਤੇ ਗੁਰੂ ਰਵਿਦਾਸ ਗੁਰਦੁਆਰਾ ਕਮੇਟੀ ਵਲੋਂ ਗੁਰੂ ਰਵਿਦਾਸ ਧਾਮ ਬੂਟਾ ਮੰਡੀ ਜਲੰਧਰ ਵਿਖੇ ਕੀਤਾ ਗਿਆ।








# ਸ਼ਹੀਦੀ ਦਿਵਸ ਮੌਕੇ ਮੂਲ ਚੰਦ ਸ਼ਰਮਾ ਦਾ ਲਿਖਿਆ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਧਾਰਮਿਕ ਗੀਤ ਲੋਕ ਅਰਪਣ

**ਧੂਰੀ (ਰਮੇਸ਼ਵਰ ਸਿੰਘ )** ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਵੱਲੋਂ ਕਲਮਬੱਧ ਕੀਤਾ ਨਵਾਂ ਧਾਰਮਿਕ ਗੀਤ ਲੋਕ ਅਰਪਣ ਕੀਤਾ ਗਿਆ । ਇਹ ਗੀਤ ਸ਼ਹੀਦਾਂ ਦੇ ਸਿਰਤਾਜ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਹੈ ।

ਇਸ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਨਿਰਮਾਤਾ ਨਿਰਦੇਸ਼ਕ ਭਗਵੰਤ ਸਿੰਘ ਕੰਗ ਅਤੇ ਪਰਮਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਯੂ-ਟਿਊਬ ਚੈਨਲ ਹਰਟ ਰੌਕ ਦੀ ਪੇਸ਼ਕਸ਼ ਇਸ ਗੀਤ ਵਿੱਚ ਆਪਣੀ ਦਿਲਕਸ਼ ਆਵਾਜ਼ ਦਾ ਜਾਦੂ ਬਿਖੇਰਿਆ ਹੈ ਉੱਭਰਦੀ ਗਾਇਕਾ ਟਿਸ਼ੂ ਅਰੋੜਾ ਨੇ , ਸੰਗੀਤ ਨਾਲ਼ ਸ਼ਿਗਾਰਿਆ ਹੈ ਬੀ. ਦੇਵ ਨੇ ਅਤੇ ਫਿਲਮਾਂਕਣ ਦੀ ਜ਼ਿੰਮੇਵਾਰੀ ਜਸਜੋਤ ਗਿੱਲ ਨੇ ਬਾਖ਼ੂਬੀ ਨਿਭਾਈ ਹੈ ।




ਇਸ ਮੌਕੇ ਸਮੁੱਚੀ ਟੀਮ ਨੂੰ ਵਧਾਈ ਦੇਣ ਵਾਲ਼ਿਆਂ ਵਿੱਚ ਪੰਜਾਬੀ ਸਾਹਿਤ ਸਭਾ ਧੂਰੀ , ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ , ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ , ਸਾਹਿਤ ਸੰਗਮ ਮਾਲੇਰਕੋਟਲਾ , ਸਾਹਿਤ ਸਦਨ ਸੰਗਰੂਰ ਅਤੇ ਸਾਹਿਤ ਸਭਾ ਸੁਨਾਮ ਦੇ ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ ਜੰਗ ਸਿੰਘ ਫ਼ੱਟੜ , ਰਮੇਸ਼ਵਰ ਸਿੰਘ , ਗੁਰੀ ਚੰਦੜ , ਸੁਖਜੀਤ ਸਿੰਘ ਰਮਲਾ , ਰਾਜੂ ਨਾਹਰ , ਰਾਮ ਸ਼ਰਮਾ ਲੁਬਾਣਾ , ਦਿਲਪ੍ਰੀਤ ਕੌਰ ਪ੍ਰੀਤ , ਬੱਬਲਜੀਤ ਕੌਰ ਬਬਲੀ , ਨਵਜੋਤ ਜੋਸ਼ੀ , ਰਾਹੁਲ ਸ਼ਰਮਾ ਅਤੇ ਕੁਲਵੰਤ ਸਿੰਘ ਬੁੰਗਾ ਵੀ ਸ਼ਾਮਲ ਸਨ ।

## ਬੇਰੁਜ਼ਗਾਰ....

ਨਾ ਨੌਕਰੀ ਮਿਲੀ, ਨਾ ਮੁੱਕਿਆ ਗ਼ਮ ਅਸਾਡਾ,
ਹੈ ਬੇਬਸੀ ਦੇ ਵਿੱਚ ਹਰ ਇਕ ਦਮ ਅਸਾਡਾ।
ਡਿਗਰੀਆਂ ਦੇ ਢੇਰ ਨੇ, ਸੁਪਨੇ ਵੀ ਬੇਸ਼ੁਮਾਰ,
ਪਰ ਰੁਲਦਾ ਫਿਰੇ ਗਲੀਆਂ ਵਿੱਚ ਕਰਮ ਅਸਾਡਾ।
ਸਵੇਰ ਤੋਂ ਸ਼ਾਮ ਤੱਕ ਦਰ ਖੜਕਾਉਂਦੇ ਰਹੇ,
ਨਾ ਖੁੱਲਿਆ ਕਿਸੇ ਪਾਸੇ ਵੀ ਮਰਹਮ ਅਸਾਡਾ।
ਜੋ ਹੱਕ ਦੀ ਗੱਲ ਕਰੀਏ ਤਾਂ ਚੁੱਪ ਕਰਾ ਦਿੰਦੇ,
ਸੁਣਦਾ ਨਹੀਂ ਕੋਈ ਵੀ ਦਰਦ-ਏ-ਅਲਮ ਅਸਾਡਾ।
ਹਨੇਰਿਆਂ ਨੇ ਭਾਵੇਂ ਘੇਰ ਲਿਆ ਚਾਰ ਚੁਫੇਰੇ,
ਬੁੱਝਿਆ ਨਹੀਂ ਅਜੇ ਤੱਕ ਹੌਸਲਾ ਦਮ ਅਸਾਡਾ।
ਇੱਕ ਦਿਨ ਇਹ ਵਕ਼ਤ ਵੀ ਬਦਲੇਗਾ ਯਕੀਨਨ,
ਲਿਖੇਗਾ ਇਤਿਹਾਸ ਫਿਰ ਮਾਣ ਤੇ ਨਾਮ ਅਸਾਡਾ।

**ਡਾ ਬਲਜਿੰਦਰ ਕੁਮਾਰ ਕੰਬੋਜ**
**ਲੁਧਿਆਣਾ।**
**ਮੋ:-947847596**

# ਮਰਦ ਨੂੰ ਵੀ ਦਰਦ ਹੁੰਦਾ ਹੈ : ਹੱਸਦੇ ਚਿਹਰੇ ਪਿੱਛੇ ਛੁਪਿਆ ਸੱਚ

## ( ਆਪਣੀਆਂ ਲੋੜਾਂ ਨੂੰ ਪਿੱਛੇ ਰੱਖ ਕੇ ਪਰਿਵਾਰ ਦੇ ਹਰ ਰਿਸ਼ਤੇ ਦਾ ਫ਼ਰਜ਼ ਨਿਭਾਉਣ ਦਾ ਸੰਘਰਸ਼ )

ਇੱਕ ਮਰਦ ਹੋਣਾ ਦੇਖਣ ਨੂੰ ਭਾਵੇਂ ਬਹੁਤ ਸੌਖਾ, ਸਰਲ ਅਤੇ ਆਮ ਲੱਗਦਾ ਹੈ, ਪਰ ਅਸਲ ਜ਼ਿੰਦਗੀ ਵਿੱਚ ਇਸ ਦੇ ਪਿੱਛੇ ਬਹੁਤ ਸਾਰੀਆਂ ਗੁੰਝਲਦਾਰ ਮੁਸ਼ਕਿਲਾਂ ਅਤੇ ਅਣਗਿਣਤ ਮਾਨਸਿਕ ਚੁਣੌਤੀਆਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਸਾਡੇ ਸਮਾਜ ਵਿੱਚ ਆਮ ਤੌਰ 'ਤੇ ਕਦੇ ਵੀ ਖੁੱਲ੍ਹ ਕੇ ਗੱਲ ਨਹੀਂ ਕੀਤੀ ਜਾਂਦੀ। ਅੱਜ ਦੇ ਇਸ ਆਧੁਨਿਕ ਅਤੇ ਜਾਗਰੂਕ ਸਮੇਂ ਵਿੱਚ ਜਿੱਥੇ ਹਰ ਕੋਈ ਆਪਣੇ ਹੱਕਾਂ, ਆਪਣੀ ਨਿੱਜੀ ਆਜ਼ਾਦੀ, ਅਧਿਕਾਰਾਂ ਅਤੇ ਬਰਾਬਰੀ ਦੀ ਗੱਲ ਬਹੁਤ ਉੱਚੀ ਆਵਾਜ਼ ਵਿੱਚ ਕਰਦਾ ਹੈ, ਉੱਥੇ ਹੀ ਮਰਦਾਂ ਦੇ ਸਿਰ 'ਤੇ ਪੈਣ ਵਾਲੀਆਂ ਭਾਰੀ ਪਰਿਵਾਰਕ ਜ਼ਿੰਮੇਵਾਰੀਆਂ, ਉਨ੍ਹਾਂ ਦੇ ਮਾਨਸਿਕ ਤਣਾਅ ਅਤੇ ਉਨ੍ਹਾਂ ਦੇ ਮਨ ਦੇ ਗੂੜ੍ਹੇ ਦੁੱਖਾਂ ਨੂੰ ਸਮਾਜਿਕ ਤੌਰ 'ਤੇ ਕੋਈ ਖਾਸ ਅਹਿਮੀਅਤ ਜਾਂ ਹਮਦਰਦੀ ਨਹੀਂ ਦਿੱਤੀ ਜਾਂਦੀ। ਜਦੋਂ ਇੱਕ ਮੁੰਡਾ ਅਜੇ ਛੋਟਾ ਹੀ ਹੁੰਦਾ ਹੈ ਅਤੇ ਉਸ ਨੂੰ ਦੁਨੀਆ ਦੀਆਂ ਚਲਾਕੀਆਂ ਦੀ ਸਮਝ ਵੀ ਨਹੀਂ ਹੁੰਦੀ, ਉਸ ਦੇ ਕੋਮਲ ਅਤੇ ਮਾਸੂਮ ਮਨ ਵਿੱਚ ਇਹ ਗੱਲ ਬਹੁਤ ਡੂੰਘਾਈ ਨਾਲ ਬਿਠਾ ਦਿੱਤੀ ਜਾਂਦੀ ਹੈ ਕਿ ਉਸਨੇ ਵੱਡਾ ਹੋ ਕੇ ਬਹੁਤ ਸਾਰੇ ਪੈਸੇ ਕਮਾਉਣੇ ਹਨ ਅਤੇ ਘਰ ਦਾ ਸਾਰਾ ਆਰਥਿਕ ਖਰਚਾ ਆਪਣੇ ਸਿਰ 'ਤੇ ਚੁੱਕਣਾ ਹੈ। ਇਸ ਭਵਿੱਖ ਦੀ ਚਿੰਤਾ ਅਤੇ ਬੋਝ ਕਰਕੇ ਉਹ ਬਚਪਨ ਤੋਂ ਹੀ ਆਪਣੇ ਹਾਸੇ, ਬਚਪਨ ਦੀਆਂ ਖੇਡਾਂ ਅਤੇ ਖ਼ੂਬਸੂਰਤ ਸੁਪਨਿਆਂ ਨੂੰ ਪਿੱਛੇ ਛੱਡ ਕੇ ਆਪਣੇ ਪਰਿਵਾਰ ਦੇ ਆਰਥਿਕ ਭਵਿੱਖ ਨੂੰ ਸੁਧਾਰਨ ਬਾਰੇ ਸੋਚਣ ਲੱਗ ਪੈਂਦਾ ਹੈ। ਉਸ ਦੀ ਆਪਣੀ ਨਿੱਜੀ ਪਸੰਦ, ਇੱਛਾ ਜਾਂ ਨਾਪਸੰਦ ਘਰ ਦੀਆਂ ਰੋਜ਼ਾਨਾ ਦੀਆਂ ਲੋੜਾਂ ਅਤੇ ਵਿੱਤੀ ਤੰਗੀਆਂ ਦੇ ਸਾਹਮਣੇ ਬਹੁਤ ਛੋਟੀ ਹੋ ਜਾਂਦੀ ਹੈ, ਜਿਸ ਕਰਕੇ ਉਹ ਬਚਪਨ ਦੀ ਉਮਰ ਵਿੱਚ ਹੀ ਇੱਕ ਵੱਡਿਆਂ ਵਰਗੀ ਗੰਭੀਰਤਾ ਅਤੇ ਉਦਾਸੀ ਧਾਰਨ ਕਰ ਲੈਂਦਾ ਹੈ ਅਤੇ ਆਪਣੀ ਮਾਸੂਮੀਅਤ ਗੁਆ ਬੈਠਦਾ ਹੈ।

ਸਾਡੇ ਪਰੰਪਰਾਗਤ ਅਤੇ ਪੁਰਸ਼ ਪ੍ਰਧਾਨ ਸਮਾਜ ਵਿੱਚ ਇਹ ਇੱਕ ਅਟੱਲ ਨਿਯਮ ਵਾਂਗ ਪੱਕਾ ਮੰਨਿਆ ਜਾਂਦਾ ਹੈ ਕਿ ਮਰਦ ਕੁਦਰਤੀ ਤੌਰ 'ਤੇ ਬਹੁਤ ਤਾਕਤਵਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਦੇ ਵੀ ਕੋਈ ਸਰੀਰਕ ਪੀੜ ਜਾਂ ਮਾਨਸਿਕ ਤਕਲੀਫ਼ ਪ੍ਰਭਾਵਿਤ ਨਹੀਂ ਕਰ ਸਕਦੀ। ਛੋਟੇ ਹੁੰਦਿਆਂ ਤੋਂ ਹੀ ਲੜਕਿਆਂ ਨੂੰ ਘਰਾਂ ਦੇ ਅੰਦਰ ਅਤੇ ਬਾਹਰ ਖੇਡਦੇ ਹੋਏ ਇਹ ਪਾਠ ਬਾਰ-ਬਾਰ ਪੜ੍ਹਾਇਆ ਜਾਂਦਾ ਹੈ ਕਿ ਰੋਣਾ ਸਿਰਫ਼ ਕੁੜੀਆਂ ਦਾ ਕੰਮ ਹੈ ਅਤੇ ਮਰਦਾਂ ਨੂੰ ਹਰ ਮੁਸ਼ਕਿਲ, ਦੁੱਖ ਅਤੇ ਦਰਦ ਦੇ ਹਾਲਾਤ ਵਿੱਚ ਹਮੇਸ਼ਾ ਬਹਾਦਰ, ਲੋਹੇ ਵਾਂਗ ਸਖ਼ਤ ਅਤੇ ਅਡੋਲ ਰਹਿਣਾ ਚਾਹੀਦਾ ਹੈ। ਇਸੇ ਪੁਰਾਣੀ ਸੋਚ ਅਤੇ ਸਮਾਜਿਕ ਦਬਾਅ ਕਾਰਨ ਇੱਕ ਮਰਦ ਆਪਣੇ ਹਰ ਦਰਦ, ਅੰਦਰੂਨੀ ਤਕਲੀਫ਼, ਬੇਬਸੀ ਅਤੇ ਨਿਰਾਸ਼ਾ ਨੂੰ ਆਪਣੇ ਮਨ ਦੇ ਕਿਸੇ ਕੋਨੇ ਵਿੱਚ ਦਬਾ ਕੇ ਰੱਖਦਾ ਹੈ ਅਤੇ ਕਦੇ ਵੀ ਆਪਣੇ ਹੰਝੂਆਂ ਨੂੰ ਅੱਖਾਂ ਵਿੱਚੋਂ ਬਾਹਰ ਨਹੀਂ ਆਉਣ ਦਿੰਦਾ। ਉਹ ਚਾਹੇ ਜਿੰਨਾ ਮਰਜ਼ੀ ਉਦਾਸ ਹੋਵੇ, ਮਾਨਸਿਕ ਤੌਰ 'ਤੇ ਟੁੱਟ ਚੁੱਕਾ ਹੋਵੇ ਜਾਂ ਅੰਦਰੋਂ ਰੋ ਰਿਹਾ ਹੋਵੇ, ਉਸ ਨੂੰ ਦੁਨੀਆ, ਸਮਾਜ ਅਤੇ ਆਪਣੇ ਪਰਿਵਾਰ ਦੇ ਸਾਹਮਣੇ ਹਮੇਸ਼ਾ ਇੱਕ ਝੂਠੀ ਮੁਸਕਰਾਹਟ ਵਾਲਾ ਮੁਖੌਟਾ ਪਹਿਨ ਕੇ ਰੱਖਣਾ ਪੈਂਦਾ ਹੈ। ਉਹ ਸਰੀਰਕ ਤੌਰ 'ਤੇ ਬਹੁਤ ਜ਼ਿਆਦਾ ਬਿਮਾਰ ਜਾਂ ਥੱਕਿਆ ਹੋਣ ਦੇ ਬਾਵਜੂਦ ਵੀ ਰੋਜ਼ਾਨਾ ਸਵੇਰੇ ਉੱਠ ਕੇ ਕੰਮ 'ਤੇ ਜਾਂਦਾ ਹੈ ਕਿਉਂਕਿ ਉਸ ਕੋਲ ਘਰ ਬੈਠਣ, ਆਰਾਮ ਕਰਨ ਜਾਂ ਬਹਾਨਾ ਬਣਾਉਣ ਦਾ ਕੋਈ ਵਿਕਲਪ ਨਹੀਂ ਹੁੰਦਾ। ਪਰਿਵਾਰ ਦੇ ਕਿਸੇ ਵੀ ਜੀਅ ਨੂੰ ਜ਼ਿੰਦਗੀ ਵਿੱਚ ਕੋਈ ਤਕਲੀਫ਼ ਨਾ ਆਵੇ ਅਤੇ ਬੱਚਿਆਂ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਰਹਿਣ, ਇਸ ਲਈ ਉਹ ਹਮੇਸ਼ਾ ਇੱਕ ਮਜ਼ਬੂਤ ਅਤੇ ਅਡੋਲ ਕੰਧ ਵਾਂਗ ਹਰ ਮੁਸੀਬਤ ਦੇ ਸਾਹਮਣੇ ਇਕੱਲਾ ਹੀ ਖੜ੍ਹਾ ਰਹਿੰਦਾ ਹੈ।

ਇੱਕ ਮਰਦ ਦੀ ਪੂਰੀ ਜ਼ਿੰਦਗੀ ਪਰਿਵਾਰ ਦੇ ਵੱਖ-ਵੱਖ ਰਿਸ਼ਤਿਆਂ ਦੀਆਂ ਬੇਅੰਤ ਉਮੀਦਾਂ ਨੂੰ ਨਿਭਾਉਂਦੇ ਹੋਏ, ਸਭ ਨੂੰ ਖੁਸ਼ ਰੱਖਦੇ ਹੋਏ ਅਤੇ ਰਿਸ਼ਤਿਆਂ ਵਿਚਕਾਰ ਸੰਤੁਲਨ ਬਣਾਉਂਦੇ ਹੋਏ ਹੀ ਲੰਘ ਜਾਂਦੀ ਹੈ। ਉਹ ਕਦੇ ਇੱਕ ਚੰਗਾ ਅਤੇ ਆਗਿਆਕਾਰੀ ਪੁੱਤਰ ਬਣਦਾ ਹੈ, ਕਦੇ ਪਰਿਵਾਰ ਨੂੰ ਸਹਾਰਾ ਦੇਣ ਵਾਲਾ ਜ਼ਿੰਮੇਵਾਰ ਭਰਾ ਬਣਦਾ ਹੈ, ਕਦੇ ਪਤਨੀ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਾਲਾ ਪਤੀ ਅਤੇ ਕਦੇ ਆਪਣੇ ਬੱਚਿਆਂ ਦੇ ਭਵਿੱਖ ਲਈ ਦਿਨ- ਇੱਕ ਕਰਨ ਵਾਲਾ ਪਿਆਰ ਕਰਨ ਵਾਲਾ ਪਿਤਾ ਬਣ ਕੇ ਆਪਣਾ ਹਰ ਫ਼ਰਜ਼ ਪੂਰੀ ਸ਼ਿੱਦਤ ਨਾਲ ਨਿਭਾਉਂਦਾ ਹੈ। ਘਰ ਦਾ ਰਾਸ਼ਨ ਸਮੇਂ ਸਿਰ ਲਿਆਉਣਾ, ਬੱਚਿਆਂ ਦੀ ਸਕੂਲ ਦੀ ਮਹਿੰਗੀ ਫੀਸ ਦਾ ਪ੍ਰਬੰਧ ਕਰਨਾ, ਬਿਮਾਰ ਅਤੇ ਬੁੱਢੇ ਮਾਪਿਆਂ ਦੀ ਦਵਾਈ ਦਾ ਮਹੀਨੇ ਦਾ ਖਰਚਾ ਚੁੱਕਣਾ ਅਤੇ ਸਮਾਜਿਕ ਰਿਸ਼ਤੇਦਾਰੀਆਂ ਦੇ ਵਿਆਹ-ਸ਼ਾਦੀਆਂ ਦੇ ਵਿਹਾਰਾਂ ਨੂੰ ਸੰਭਾਲਣਾ, ਇਹ ਸਭ ਉਸ ਦੇ ਰੋਜ਼ਾਨਾ ਦੇ ਅਜਿਹੇ ਬੰਧਨ ਅਤੇ ਕੰਮ ਹੁੰਦੇ ਹਨ ਜਿਨ੍ਹਾਂ ਤੋਂ ਉਹ ਚਾਹ ਕੇ ਵੀ ਕਦੇ ਪਿੱਛੇ ਨਹੀਂ ਹਟ ਸਕਦਾ। ਭਾਵੇਂ ਕਿਸੇ ਵੇਲੇ ਉਸ ਦੀ ਆਪਣੀ ਜੇਬ ਬਿਲਕੁਲ ਖਾਲੀ ਹੋਵੇ, ਉਸ ਕੋਲ ਪੈਸੇ ਨਾ ਹੋਣ ਜਾਂ ਉਸ ਦੇ ਕੰਮ-ਕਾਰ ਜਾਂ ਨੌਕਰੀ ਵਿੱਚ ਕੋਈ ਬਹੁਤ ਵੱਡਾ ਘਾਟਾ ਪੈ ਗਿਆ ਹੋਵੇ, ਉਹ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਇਸ ਦੀ ਮਾੜੀ ਜਿਹੀ ਭਿਣਕ ਵੀ ਨਹੀਂ ਲੱਗਣ ਦਿੰਦਾ ਤਾਂ ਜੋ ਘਰ ਦੀ ਸ਼ਾਂਤੀ ਅਤੇ ਮਾਹੌਲ ਖਰਾਬ ਨਾ ਹੋਵੇ। ਉਹ ਆਪਣੇ ਪਰਿਵਾਰ ਦੇ ਹਰ ਮੈਂਬਰ ਦੀਆਂ ਖੁਸ਼ੀਆਂ, ਤਿਉਹਾਰਾਂ ਅਤੇ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਨਵੇਂ ਕੱਪੜੇ, ਆਪਣੀਆਂ ਛੋਟੀਆਂ-ਛੋਟੀਆਂ ਇੱਛਾਵਾਂ ਜਾਂ ਆਪਣੀਆਂ ਬੁਨਿਆਦੀ ਨਿੱਜੀ ਲੋੜਾਂ ਨੂੰ ਹਮੇਸ਼ਾ ਸਭ ਤੋਂ ਪਿੱਛੇ ਰੱਖਦਾ ਹੈ ਅਤੇ ਖੁਸ਼ੀ-ਖੁਸ਼ੀ ਕੁਰਬਾਨੀ ਦੇ ਦਿੰਦਾ ਹੈ।

ਇਸ ਸਭ ਦੇ ਬਾਵਜੂਦ, ਕਈ ਵਾਰ ਇਹ ਪਰਿਵਾਰਕ, ਆਰਥਿਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਇਨਸਾਨ ਹੋਣ ਦੇ ਨਾਤੇ ਉਸ ਕੋਲੋਂ ਕਈ ਤਰ੍ਹਾਂ ਦੀਆਂ ਕਮੀਆਂ ਰਹਿ ਜਾਂਦੀਆਂ ਹਨ ਜਾਂ ਦਿਨ-ਰਾਤ ਬਹੁਤ ਜ਼ਿਆਦਾ ਮਿਹਨਤ ਕਰਨ 'ਤੇ ਵੀ ਹਾਲਾਤ ਅਨੁਕੂਲ ਨਾ ਹੋਣ ਕਰਕੇ ਉਮੀਦ ਮੁਤਾਬਕ ਨਤੀਜੇ ਨਹੀਂ ਮਿਲਦੇ, ਜਿਸ ਕਰਕੇ ਜ਼ਿੰਦਗੀ ਦੇ ਕਿਸੇ ਮੋੜ 'ਤੇ ਨਾਕਾਮਯਾਬੀ ਵੀ ਰਹਿ ਸਕਦੀ ਹੈ, ਪਰ ਸਾਡੇ ਸਮਾਜ ਦੀ ਸਭ ਤੋਂ ਅਫ਼ਸੋਸਜਨਕ ਅਤੇ ਦੁਖਦਾਈ ਗੱਲ ਇਹ ਹੈ ਕਿ ਉਸ ਨਾਕਾਮਯਾਬੀ ਦਾ ਸਾਰਾ ਕਸੂਰ, ਸਾਰਾ ਦੋਸ਼ ਸਿਰਫ਼ ਅਤੇ ਸਿਰਫ਼ ਉਸ ਮਰਦ ਦਾ ਹੀ ਕੱਢਿਆ ਜਾਂਦਾ ਹੈ। ਸਮਾਜ ਜਾਂ ਪਰਿਵਾਰ ਕਦੇ ਵੀ ਇਹ ਦੇਖਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਉਸਨੇ ਸਫ਼ਲ ਹੋਣ ਲਈ ਕਿੰਨੀ ਖ਼ੂਨ-ਪਸੀਨੇ ਦੀ ਕਮਾਈ ਲਗਾਈ ਸੀ ਅਤੇ ਕਿੰਨੀ ਕੋਸ਼ਿਸ਼ ਕੀਤੀ ਸੀ, ਬਲਕਿ ਸਾਰੀਆਂ ਗਲਤੀਆਂ, ਕਮੀਆਂ ਅਤੇ ਆਰਥਿਕ ਮੰਦਹਾਲੀ ਲਈ ਉਸ ਨੂੰ ਹੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾ ਕੇ ਮਾਨਸਿਕ ਤੌਰ 'ਤੇ ਤਾਅਨੇ ਮਾਰੇ ਜਾਂਦੇ ਹਨ ਅਤੇ ਪਰੇਸ਼ਾਨ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਦੇ ਇਸ ਪਦਾਰਥਵਾਦੀ ਅਤੇ ਦੌੜ ਭਰੇ ਦੌਰ ਵਿੱਚ ਕਿਸੇ ਮਰਦ ਦੀ ਇੱਜ਼ਤ, ਉਸ ਦਾ ਸਨਮਾਨ ਅਤੇ ਉਸ ਦੀ ਯੋਗਤਾ ਦਾ ਅੰਦਾਜ਼ਾ ਸਿਰਫ਼ ਇਸ ਗੱਲ ਤੋਂ ਲਗਾਇਆ ਜਾਂਦਾ ਹੈ ਕਿ ਉਹ ਮਹੀਨੇ ਦੇ ਕਿੰਨੇ ਪੈਸੇ ਕਮਾਉਂਦਾ ਹੈ, ਉਸ ਕੋਲ ਕਿਹੜੀ ਮਹਿੰਗੀ ਗੱਡੀ ਹੈ ਜਾਂ ਉਹ ਸਮਾਜ ਵਿੱਚ ਕਿੰਨੇ ਵੱਡੇ ਅਤੇ ਸ਼ਾਨਦਾਰ ਘਰ ਵਿੱਚ ਰਹਿੰਦਾ ਹੈ। ਜੇਕਰ ਕੋਈ ਮਰਦ ਆਪਣੀ ਪੂਰੀ ਜਾਨ ਲਗਾ ਕੇ ਬਹੁਤ ਜ਼ਿਆਦਾ ਮਿਹਨਤ ਕਰਨ ਤੋਂ ਬਾਅਦ ਵੀ ਮਾਰਕੀਟ ਦੇ ਮੰਦਵਾੜੇ ਜਾਂ ਹਾਲਾਤਾਂ ਦੀ ਮਾਰ ਕਰਕੇ ਜ਼ਿਆਦਾ ਪੈਸੇ ਨਹੀਂ ਕਮਾ ਪਾਉਂਦਾ, ਤਾਂ ਲੋਕ ਅਤੇ ਕਈ ਵਾਰ ਉਸ ਦੇ ਆਪਣੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਵੀ ਉਸ ਨੂੰ ਇੱਕ ਨਾਕਾਮਯਾਬ, ਨਿਕੰਮਾ ਅਤੇ ਬੇਕਾਰ ਇਨਸਾਨ ਕਹਿਣ ਲੱਗ ਪੈਂਦੇ ਹਨ। ਪੈਸੇ ਕਮਾਉਣ ਦੇ ਇਸ ਲਗਾਤਾਰ ਵਧ ਰਹੇ ਭਿਆਨਕ ਦਬਾਅ ਕਰਕੇ ਅੱਜ ਬਹੁਤ ਸਾਰੇ ਮਰਦ ਅੰਦਰੋਂ ਬਹੁਤ ਜ਼ਿਆਦਾ ਪਰੇਸ਼ਾਨ, ਚਿੰਤਤ ਅਤੇ ਬਿਲਕੁਲ ਇਕੱਲੇ ਰਹਿਣ ਲੱਗ ਗਏ ਹਨ। ਉਹ ਆਪਣੀ ਇਸ ਮਾਨਸਿਕ ਪਰੇਸ਼ਾਨੀ ਅਤੇ ਦਿਲ ਦੇ ਗੁਬਾਰ ਬਾਰੇ ਕਿਸੇ ਦੋਸਤ, ਭਰਾ ਜਾਂ ਰਿਸ਼ਤੇਦਾਰ ਨਾਲ ਗੱਲ ਵੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੂੰ ਹਮੇਸ਼ਾ ਇਹ ਡਰ ਸਤਾਉਂਦਾ ਰਹਿੰਦਾ ਹੈ ਕਿ ਲੋਕ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਕਮਜ਼ੋਰ ਸਮਝਣਗੇ, ਉਨ੍ਹਾਂ ਦੀ ਮਰਦਾਨਗੀ 'ਤੇ ਸਵਾਲ ਚੁੱਕਣਗੇ ਜਾਂ ਸਮਾਜ ਵਿੱਚ ਉਨ੍ਹਾਂ ਦਾ ਮਜ਼ਾਕ ਉਡਾਉਣਗੇ।

ਅਸਲ ਵਿੱਚ, ਮਰਦਾਂ ਦੀ ਇਸ ਲੰਮੀ ਅਤੇ ਗੰਭੀਰ ਚੁੱਪੀ ਨੂੰ ਸਮਾਜ ਉਨ੍ਹਾਂ ਦੀ ਤਾਕਤ ਜਾਂ ਉਨ੍ਹਾਂ ਦੀ ਲਾਪਰਵਾਹੀ ਸਮਝ ਲੈਂਦਾ ਹੈ, ਜਦੋਂ ਕਿ ਇਹ ਚੁੱਪੀ ਅੰਦਰੂਨੀ ਦੁੱਖਾਂ, ਨਿਰਾਸ਼ਾਵਾਂ ਅਤੇ ਗਹਿਰੇ ਜ਼ਖਮਾਂ ਦਾ ਨਤੀਜਾ ਹੁੰਦੀ ਹੈ। ਸਾਨੂੰ ਸਾਰਿਆਂ ਨੂੰ ਹੁਣ ਇੱਕ ਸਮਾਜ ਦੇ ਤੌਰ 'ਤੇ ਇਹ ਗੱਲ ਬਹੁਤ ਗੰਭੀਰਤਾ ਅਤੇ ਸੰਵੇਦਨਸ਼ੀਲਤਾ ਨਾਲ ਸਮਝਣੀ ਚਾਹੀਦੀ ਹੈ ਕਿ ਮਰਦ ਕੋਈ ਲੋਹੇ ਜਾਂ ਪੱਥਰ ਦੀ ਬਣੀ ਮਸ਼ੀਨ ਨਹੀਂ ਹੁੰਦੇ, ਉਹ ਵੀ ਸਾਡੇ ਵਰਗੇ ਹੀ ਭਾਵਨਾਵਾਂ, ਅਹਿਸਾਸਾਂ ਅਤੇ ਜਜ਼ਬਾਤਾਂ ਨਾਲ ਭਰੇ ਜਿਉਂਦੇ-ਜਾਗਦੇ ਇਨਸਾਨ ਹਨ। ਉਨ੍ਹਾਂ ਨੂੰ ਵੀ ਸਰੀਰਕ ਥਕਾਵਟ ਹੁੰਦੀ ਹੈ, ਹਾਲਾਤਾਂ ਦੀ ਮਾਰ ਅਤੇ ਆਪਣਿਆਂ ਦੇ ਤਾਅਨਿਆਂ ਨਾਲ ਉਨ੍ਹਾਂ ਦਾ ਵੀ ਦਿਲ ਬੁਰੀ ਤਰ੍ਹਾਂ ਦੁਖਦਾ ਹੈ, ਉਹ ਵੀ ਮਾਨਸਿਕ ਤੌਰ 'ਤੇ ਟੁੱਟਦੇ ਹਨ ਅਤੇ ਬਹੁਤ ਜ਼ਿਆਦਾ ਦਬਾਅ ਹੋਣ 'ਤੇ ਉਨ੍ਹਾਂ ਦਾ ਵੀ ਕਦੇ-ਕਦੇ ਬੱਚਿਆਂ ਵਾਂਗ ਉੱਚੀ-ਉੱਚੀ ਰੋਣ ਦਾ ਮਨ ਕਰਦਾ ਹੈ। ਮਰਦ ਹੋਣ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਉਹ ਦੁਨੀਆ ਦਾ ਹਰ ਦੁੱਖ, ਹਰ ਪਰਿਵਾਰਕ ਤਕਲੀਫ਼, ਹਰ ਜ਼ਿੰਮੇਵਾਰੀ ਅਤੇ ਹਰ ਨਾਕਾਮਯਾਬੀ ਦਾ ਭਾਰੀ ਬੋਝ ਇਕੱਲੇ ਹੀ ਆਪਣੇ ਮੋਢਿਆਂ 'ਤੇ ਸਹਿੰਦੇ ਰਹਿਣ, ਅੰਦਰੇ-ਅੰਦਰ ਘੁਟਦੇ ਰਹਿਣ ਅਤੇ ਬਿਨਾਂ ਕੁਝ ਕਹੇ ਇਸ ਦੁਨੀਆ ਤੋਂ ਚਲੇ ਜਾਣ।

ਇੱਕ ਬਿਹਤਰ, ਸਿਹਤਮੰਦ ਅਤੇ ਸੰਵੇਦਨਸ਼ੀਲ ਸਮਾਜ ਸਿਰਜਣ ਲਈ ਸਾਡਾ ਸਾਰਿਆਂ ਦਾ ਇਹ ਮੁਢਲਾ ਅਤੇ ਪਰਮ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਘਰ ਦੇ ਮਰਦਾਂ, ਚਾਹੇ ਉਹ ਪਿਤਾ ਹੋਵੇ, ਭਰਾ ਹੋਵੇ, ਪਤੀ ਹੋਵੇ ਜਾਂ ਪੁੱਤਰ ਹੋਵੇ, ਉਨ੍ਹਾਂ ਦੀ ਦਿਨ-ਰਾਤ ਦੀ ਅਣਥੱਕ ਮਿਹਨਤ, ਉਨ੍ਹਾਂ ਦੇ ਵੱਡੇ ਤਿਆਗ ਅਤੇ ਨਿਰਸਵਾਰਥ ਪਿਆਰ ਨੂੰ ਚੰਗੀ ਤਰ੍ਹਾਂ ਸਮਝੀਏ, ਉਸ ਦਾ ਸਤਿਕਾਰ ਕਰੀਏ ਅਤੇ ਉਸ ਦੀ ਕਦਰ ਕਰੀਏ। ਸਾਨੂੰ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਇਹ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਪਰਿਵਾਰ ਵਿੱਚ ਉਨ੍ਹਾਂ ਦੀ ਅਹਿਮੀਅਤ ਸਿਰਫ਼ ਉਨ੍ਹਾਂ ਦੀ ਕਮਾਈ, ਬੈਂਕ ਬੈਲੈਂਸ ਜਾਂ ਪੈਸਿਆਂ ਨਾਲ ਨਹੀਂ ਹੈ, ਬਲਕਿ ਇੱਕ ਇਨਸਾਨ ਵਜੋਂ ਅਤੇ ਇੱਕ ਪਿਆਰੇ ਮੈਂਬਰ ਵਜੋਂ ਉਨ੍ਹਾਂ ਦੀ ਮੌਜੂਦਗੀ ਸਾਡੇ ਲਈ ਸਭ ਤੋਂ ਵੱਡੀ ਦੌਲਤ ਹੈ। ਸਾਨੂੰ ਉਨ੍ਹਾਂ ਦੇ ਮੋਢਿਆਂ 'ਤੇ ਪਏ ਸਮਾਜਿਕ, ਪਰਿਵਾਰਕ ਅਤੇ ਆਰਥਿਕ ਬੋਝ ਨੂੰ ਆਪਸੀ ਗੱਲਬਾਤ ਰਾਹੀਂ ਥੋੜ੍ਹਾ ਹਲਕਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਪਰਿਵਾਰ ਦੇ ਅੰਦਰ ਇੱਕ ਅਜਿਹਾ ਪਿਆਰ ਭਰਿਆ ਅਤੇ ਸੁਰੱਖਿਅਤ ਮਾਹੌਲ ਦੇਣਾ ਚਾਹੀਦਾ ਹੈ ਜਿੱਥੇ ਉਹ ਬਿਨਾਂ ਕਿਸੇ ਝਿਜਕ ਜਾਂ ਡਰ ਦੇ ਆਪਣੇ ਮਨ ਦੀਆਂ ਗੱਲਾਂ, ਆਪਣੀਆਂ ਚਿੰਤਾਵਾਂ, ਆਪਣੀਆਂ ਨਾਕਾਮਯਾਬੀਆਂ ਅਤੇ ਆਪਣੇ ਡਰ ਸਾਂਝੇ ਕਰ ਸਕਣ। ਜਦੋਂ ਪਰਿਵਾਰ ਦਾ ਕੋਈ ਜੀਅ ਉਨ੍ਹਾਂ ਦੇ ਮੋਢੇ 'ਤੇ ਹੱਥ ਰੱਖ ਕੇ ਬਹੁਤ ਪਿਆਰ, ਸਤਿਕਾਰ ਅਤੇ ਹਮਦਰਦੀ ਨਾਲ ਕਹਿੰਦਾ ਹੈ ਕਿ ਕੋਈ ਗੱਲ ਨਹੀਂ, ਜੇਕਰ ਨਤੀਜੇ ਚੰਗੇ ਨਹੀਂ ਆਏ ਤਾਂ ਵੀ ਅਸੀਂ ਤੁਹਾਡੇ ਨਾਲ ਹਾਂ ਅਤੇ ਸਭ ਠੀਕ ਹੋ ਜਾਵੇਗਾ, ਤਾਂ ਉਨ੍ਹਾਂ ਨੂੰ ਦੁਨੀਆ ਦਾ ਸਭ ਤੋਂ ਵੱਡਾ ਸਕੂਨ, ਮਾਨਸਿਕ ਸ਼ਾਂਤੀ ਅਤੇ ਹਾਲਾਤਾਂ ਨਾਲ ਦੁਬਾਰਾ ਲੜਨ ਦੀ ਇੱਕ ਨਵੀਂ ਤਾਕਤ ਮਿਲਦੀ ਹੈ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਇੱਕ ਹੱਸਦੇ ਹੋਏ ਚਿਹਰੇ ਦੇ ਪਿੱਛੇ ਬਹੁਤ ਸਾਰੀਆਂ ਕਹਾਣੀਆਂ ਛੁਪੀਆਂ ਹੁੰਦੀਆਂ ਹਨ ਅਤੇ ਮਰਦ ਨੂੰ ਵੀ ਦਰਦ ਹੁੰਦਾ ਹੈ, ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਨਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।



**ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177**

# ਅਮਰੀਕਾ-ਈਰਾਨ ਜੰਗਬੰਦੀ: ਤੇਲ, ਤਾਕਤ ਅਤੇ ਇੱਕ ਨਾਜ਼ੁਕ ਸ਼ਾਂਤੀ

ਵਾਸ਼ਿੰਗਟਨ ਅਤੇ ਤੇਹਰਾਨ ਵਿਚਕਾਰ ਟਕਰਾਅ ਨੇ ਗਲਫ਼ ਤੋਂ ਬਾਹਰਲੇ ਦੇਸ਼ਾਂ ਦੇ ਸ਼ੇਅਰ ਬਾਜ਼ਾਰਾਂ, ਜਹਾਜ਼ ਰਵਾਨਗੀ ਦਰਾਂ ਅਤੇ ਈਂਧਨ ਦੇ ਖਰਚਿਆਂ ਨੂੰ ਹਿਲਾ ਦਿੱਤਾ। ਇਸ ਦੀ ਵਜ੍ਹਾ ਸਪਸ਼ਟ ਸੀ। ਜੂਨ 2026 ਦਾ ਸੰਕਟ ਦੁਨੀਆ ਦੀ ਤੇਲ-ਧਾਰਾ, ਇਜ਼ਰਾਈਲ ਦੀ ਸੁਰੱਖਿਆ ਚਿੰਤਾ ਅਤੇ ਮੱਧ ਪੂਰਬ ਦੇ ਸਭ ਤੋਂ ਪੁਰਾਣੇ ਅਣਸੁੱਲਝੇ ਪਰਮਾਣੂ ਮਸਲੇ ਨਾਲ ਇਕੱਠੇ ਜੁੜ ਗਿਆ ਸੀ।

ਅਮਰੀਕਾ ਅਤੇ ਇਰਾਨ, ਇਜ਼ਰਾਈਲ ਦੀ ਤਣਾਅ ਭਰੀ ਨਿਗਰਾਨੀ ਦੇ ਵਿਚਕਾਰ, ਹੁਣ ਇੱਕ ਰਿਪੋਰਟ ਕੀਤੇ ਅੰਤਰਿਮ ਸਮਝੌਤੇ ਵੱਲ ਵਧੇ ਹਨ, ਖੁੱਲ੍ਹੇ ਹਮਲੇ ਵੱਲ ਨਹੀਂ। ਸਮੇਂ ਦੀ ਚੋਣ ਵੀ ਅਹਿਮ ਸੀ, ਕਿਉਂਕਿ ਹੋਰਮੁਜ਼ ਦੀ ਖਾੜੀ ਅਤੇ ਇਰਾਨ ਦੀ ਪਰਮਾਣੂ ਫਾਈਲ ਹੁਣ ਇਕੋ ਰਾਜਨੀਤਕ ਤੂਫ਼ਾਨ ਵਿੱਚ ਫਸੀ ਹੋਈ ਹੈ। ਰੁਕਾਵਟ ਸੱਚੀ ਹੈ, ਪਰ ਇਸ ਨੂੰ ਸ਼ਾਂਤੀ ਕਹਿਣਾ ਜਲਦਬਾਜ਼ੀ ਹੋਵੇਗੀ। ਅਮਰੀਕਾ-ਇਰਾਨ ਟਕਰਾਅ ਦੀ ਸਭ ਤੋਂ ਚੌਕਾਉਣ ਵਾਲੀ ਗੱਲ ਇਹ ਸੀ ਕਿ ਜਦੋਂ ਤੇਲ, ਮਿਸ਼ਾਈਲਾਂ ਅਤੇ ਇਜ਼ਰਾਈਲੀ ਸੁਰੱਖਿਆ ਨੂੰ ਇਕੋ ਫਰੇਮ ਵਿੱਚ ਰੱਖਿਆ ਗਿਆ, ਤਾਂ ਇਹ ਸਥਾਨਕ ਝਗੜਾ ਨਹੀਂ ਰਹਿ ਗਿਆ। ਇਹ ਸਿਰਫ਼ ਕੂਟਨੀਤੀ ਦਾ ਵਿਵਾਦ ਨਹੀਂ ਸੀ, ਇਹ ਇਸ ਗੱਲ ਦੀ ਪਰਖ ਸੀ ਕਿ ਕੀ ਮੱਧ ਪੂਰਬ ਦੀਆਂ ਪੁਰਾਣੀਆਂ ਦਰਾਰਾਂ ਇਕ ਵੱਡਾ ਆਰਥਿਕ ਧੱਕਾ ਪੈਦਾ ਕਰ ਸਕਦੀਆਂ ਹਨ।

ਵਾਸ਼ਿੰਗਟਨ ਅਤੇ ਤਲ ਅਵੀਵ ਲੰਮੇ ਸਮੇਂ ਤੋਂ ਇਰਾਨ ਦੇ ਪਰਮਾਣੂ ਕਾਰਜਕ੍ਰਮ ਨੂੰ ਤਕਨੀਕੀ ਚੁਣੌਤੀ ਤੋਂ ਵੱਧ ਸਮਝਦੇ ਆਏ ਹਨ। ਤੇਹਰਾਨ ਕਹਿੰਦਾ ਹੈ ਕਿ ਉਹ ਨਾਗਰਿਕ ਪਰਮਾਣੂ ਸਮਰੱਥਾ ਚਾਹੁੰਦਾ ਹੈ ਅਤੇ ਬੰਬ ਨਹੀਂ ਬਣਾਉਣਾ ਚਾਹੁੰਦਾ। ਪਰ ਅਮਰੀਕਾ ਅਤੇ ਇਜ਼ਰਾਈਲ ਇਨ੍ਹਾਂ ਹੀ ਸਹੂਲਤਾਂ ਨੂੰ ਵੇਖ ਕੇ ਇਹ ਨਤੀਜਾ ਕੱਢਦੇ ਹਨ ਕਿ ਰਾਜ ਆਪਣੇ ਲਈ ਚੋਣ ਖੁੱਲ੍ਹੀ ਰੱਖਣਾ ਚਾਹੁੰਦਾ ਹੈ, ਉਸ ਕੋਲ ਕਾਫ਼ੀ ਇਕੱਠਾ ਕੀਤਾ ਹੋਇਆ ਪਦਾਰਥ ਅਤੇ ਉਹ ਮਹਾਰਤ ਹੈ ਜੋ ਨੇਤਾਵਾਂ ਦੇ ਹੁਕਮ ਮਿਲਣ ਤੇ ਹਥਿਆਰ ਬਣਾਉਣ ਵਾਲਾ ਰਸਤਾ ਛੋਟਾ ਕਰ ਸਕਦੀ ਹੈ। ਇਹ ਡਰ ਮਿਸ਼ਾਈਲ ਤਾਕਤ ਨਾਲ ਹੋਰ ਵੀ ਔਖਾ ਬਣ ਜਾਂਦਾ ਹੈ। ਇਰਾਨ ਨੂੰ ਆਪਣੇ ਵਿਰੋਧੀਆਂ ਨੂੰ ਹਿਲਾਉਣ ਲਈ ਤਿਆਰ ਪਰਮਾਣੂ ਹਥਿਆਰ ਦੀ ਲੋੜ ਨਹੀਂ, ਉਸ ਦੀਆਂ ਬੈਲਿਸਟਿਕ ਮਿਸ਼ਾਈਲਾਂ, ਡਰੋਨ ਅਤੇ ਸਾਥੀ ਮਿਲੀਸ਼ੀਆ ਪਹਿਲਾਂ ਹੀ ਉਸਨੂੰ ਇਲ-ਾਕੇ ਭਰ ਵਿੱਚ ਪ੍ਰਭਾਵ ਦਿੰਦੀਆਂ ਹਨ। ਇਸੇ ਕਰਕੇ ਇਹ ਮਾਮਲਾ ਕਦੇ ਵੀ ਸਿਰਫ਼ ਕਾਰਵਾਈ ਦੇ ਅਧੀਨ ਬਾਰੇ ਨਹੀਂ ਸੀ।

ਵਾਸ਼ਿੰਗਟਨ ਲਈ ਚਿੰਤਾ ਰੋਕਥਾਮ ਅਤੇ ਖੇਤਰੀ ਕ੍ਰਮ ਦੀ ਹੈ। ਇਜ਼ਰਾਈਲ ਲਈ ਗੱਲ ਬਚਾਅ ਦੀ ਹੈ, ਇੱਕ ਅਜਿਹੇ ਵਿਰੋਧੀ ਦੇ ਸਾਹਮਣੇ ਜੋ ਮਿਸ਼ਾਈਲ, ਡਰੋਨ ਜਾਂ ਪਰੋਕਸੀ ਰਾਹੀਂ ਨਿਸ਼ਾਨਾ ਲਾ ਸਕਦਾ ਹੈ। 2026 ਦਾ ਸੰਕਟ ਪਹਿਲਾਂ ਹੀ ਸੁੱਕੀ ਜ਼ਮੀਨ ਉੱਤੇ ਆਇਆ ਸੀ। ਗਾਜ਼ਾ ਨੇ ਖੇਤਰ ਨੂੰ ਤਣਾਅ ਵਿੱਚ ਰੱਖਿਆ ਹੋਇਆ ਸੀ, ਲੈਬਨਾਨ ਅਤੇ ਇਜ਼ਰਾਈਲ ਦੀ ਸਰਹੱਦ ਹਿੰਸਕ ਸੀ, ਅਤੇ ਲੈਬਨਾਨ ਵਿੱਚ ਹਿਜ਼ਬੁੱਲਾ ਦੀ ਭੂਮਿਕਾ ਨੇ ਇਜ਼ਰਾਈਲੀ ਯੋਜਨਾਕਾਰਾਂ ਨੂੰ ਦੂਜੇ ਵੱਡੇ ਮੋਰਚੇ ਦੀ ਚਿੰਤਾ ਵਿੱਚ ਰੱਖਿਆ।

ਅਜਿਹੇ ਮਾਹੌਲ ਵਿੱਚ, ਜਹਾਜ਼ੀ ਘਟਨਾ ਜਾਂ ਮਿਸ਼ਾਈਲ ਦਾਗ, ਕਿਸੇ ਲੜੀਵਾਰ ਪ੍ਰਤੀਕਿਰਿਆ ਦੀ ਸ਼ੁਰੂਆਤ ਜਾਪ ਸਕਦੇ ਸਨ। ਇਰਾਨ ਦੇ ਹਿਜ਼ਬੁੱਲਾ ਅਤੇ ਹੋਰ ਹਥਿਆਰਬੰਦ ਗਰੁੱਪਾਂ ਨਾਲ ਰਿਸ਼ਤੇ ਦਾ ਅਰਥ ਇਹ ਸੀ ਕਿ ਹਰ ਕਦਮ ਦੇ ਕਈ ਦਰਸ਼ਕ ਸਨ। ਇਜ਼ਰਾਈਲੀ ਨੇਤਾਵਾਂ ਨੇ ਇਰਾਨ ਉੱਤੇ ਦਬਾਅ ਨੂੰ ਗਾਜ਼ਾ ਅਤੇ ਲੈਬਨਾਨ ਦੀ ਪਰਚੀ ਤੋਂ ਵੇਖਿਆ, ਅਲੱਗ-ਥਲੱਗ ਵਿਵਾਦ ਵਾਂਗ ਨਹੀਂ। ਇਸ ਨਾਲ ਸੰਕਟ ਹੋਰ ਫੈਲ ਗਿਆ। ਪਰਮਾਣੂ ਟਕਰਾਅ, ਸਮੁੰਦਰੀ ਰਸਤੇ ਦੀ ਨਵੀਂ ਧਮਕੀ ਅਤੇ ਸਰਹੱਦੀ ਜੰਗ, ਸਭ ਇਕੋ ਕਹਾਣੀ ਵਿੱਚ ਆ ਮਿਲੇ, ਅਤੇ ਦੁਨੀਆ ਨੂੰ ਇਕੋ ਵੇਲੇ ਕਈ ਟਕਰਾਵਾਂ ਦੀ ਸੰਭਾਵਨਾ ਅਨੁਸਾਰ ਆਪਣੀ ਕੀਮਤ ਲਗਾਉਣੀ ਪਈ। ਜੇ ਪਰਮਾਣੂ ਮਸਲਾ ਡਰ ਦੀ ਵਜ੍ਹਾ ਹੈ, ਤਾਂ ਤੇਲ ਘਬਰਾਹਟ ਦੀ ਵਜ੍ਹਾ ਹੈ।

ਬਾਜ਼ਾਰ ਤਿੱਖੇ ਭਾਸ਼ਣ ਸਹਿ ਸਕਦੇ ਹਨ। ਉਹ ਉਸ ਵੇਲੇ ਜ਼ਿਆਦਾ ਤੇਜ਼ੀ ਨਾਲ ਪ੍ਰਤੀਕਿਰਿਆ ਕਰਦੇ ਹਨ ਜਦੋਂ ਟੈਂਕਰ ਹੌਲੇ ਪੈਂਦੇ ਹਨ, ਬੀਮਾ ਪ੍ਰੀਮੀਅਮ ਵਧ ਜਾਂਦੇ ਹਨ, ਅਤੇ ਵਪਾਰੀ ਸੋਚਣ ਲੱਗਦੇ ਹਨ ਕਿ ਕੀ ਅਗਲੇ ਹਫ਼ਤੇ ਗਲਫ਼ ਤੋਂ ਨਿਰਯਾਤ ਆਮ ਰਹੇਗੀ। ਹੋਰਮੁਜ਼ ਦੀ ਖਾੜੀ ਤੰਗ ਜ਼ਰੂਰ ਹੈ, ਪਰ ਇਸ ਰਾਹੀਂ ਦੁਨੀਆ ਦੇ ਊਰਜਾ ਵਪਾਰ ਦਾ ਵੱਡਾ ਹਿੱਸਾ ਲੰਘਦਾ ਹੈ। ਲਗਭਗ ਦੁਨੀਆ ਦੇ ਤੇਲ ਦਾ ਪੰਜਵਾਂ ਹਿੱਸਾ, ਅਤੇ ਗਲਫ਼ ਤੋਂ ਆਉਣ ਵਾਲੀ ਵੱਡੀ ਮਾਤਰਾ ਵਿੱਚ ਤਰਲ ਗੈਸ, ਇੱਥੋਂ ਲੰਘਦੀ ਹੈ। ਜਦੋਂ ਟਕਰਾਅ ਇਸ ਚੈਨਲ ਨੂੰ ਖਤਰੇ ਵਿੱਚ ਪਾਂਦਾ ਹੈ, ਬਾਜ਼ਾਰ ਆਧਿਕਾਰਕ ਬੰਦਸ਼ ਦੀ ਉਡੀਕ ਨਹੀਂ ਕਰਦਾ। ਉਹ ਖਤਰੇ, ਅਫਵਾਹ ਅਤੇ ਬੀਮੇ ਦੀ ਲਾਗਤ ਉੱਤੇ ਚੱਲਦਾ ਹੈ। ਇਸੀ ਨੇ ਅਮਰੀਕਾ-ਇਰਾਨ ਟਕਰਾਅ ਨੂੰ ਗਲੋਬਲ ਬਣਾ ਦਿੱਤਾ।

ਗਲਫ਼ ਵਿੱਚ ਮਿਸ਼ਾਈਲ ਅਦਾਨ-ਪ੍ਰਦਾਨ ਜਾਂ ਸਮੁੰਦਰੀ ਹਿਰਾਸਤ ਗਲਫ਼ ਵਿੱਚ ਹੀ ਨਹੀਂ ਰੁਕਦੀ। ਸਿੰਗਾਪੁਰ ਵਿੱਚ ਇਹ ਜਹਾਜ਼ ਕੰਪਨੀਆਂ ਤੱਕ ਪਹੁੰਚਦੀ ਹੈ, ਭਾਰਤ ਦੇ ਰਿਫਾਈਨਰਾਂ ਤੱਕ, ਲੰਡਨ ਦੇ ਟਰੇਡਰਾਂ ਤੱਕ ਅਤੇ ਮਹਿੰਗਾਈ ਦੇ ਅੰਕੜੇ ਦੇਖ ਰਹੇ ਕੇਂਦਰੀ ਬੈਂਕਾਂ ਤੱਕ। ਜਦੋਂ ਵਪਾਰ ਇਕ ਦੂਜੇ ਨਾਲ ਇੰਨਾ ਜੁੜਿਆ ਹੋਵੇ, ਤਾਂ ਇਕੋ ਚਹੋਕਪੌਇੰਟ ਪੂਰੀ ਧਮਨੀ ਵਿੱਚ ਰੁਕਾਵਟ ਪਾ ਸਕਦਾ ਹੈ।




ਇਸ ਦਾ ਅਸਰ ਦੁਨੀਆ ਭਰ ਵਿੱਚ ਫੈਲਦਾ ਹੈ। ਜਦੋਂ ਤੇਲ ਦੀ ਕੀਮਤ ਚੜ੍ਹਦੀ ਹੈ, ਤਾਂ ਉਸਦਾ ਝਟਕਾ ਬਹੁਤ ਸਾਰੀਆਂ ਸਰਕਾਰਾਂ ਦੇ ਦਾਅਵੇ ਨਾਲੋਂ ਤੇਜ਼ ਫੈਲਦਾ ਹੈ। ਏਅਰਲਾਈਨਾਂ ਲਈ ਈਂਧਨ ਮਹਿੰਗਾ ਹੋ ਜਾਂਦਾ ਹੈ, ਟਰੱਕਾਂ ਦੇ ਖਰਚੇ ਵਧਦੇ ਹਨ, ਫੈਕਟਰੀਆਂ ਦੇ ਇਨਪੁੱਟ ਬਿੱਲ ਚੜ੍ਹਦੇ ਹਨ, ਅਤੇ ਜਹਾਜ਼ਰਾਨੀ ਕੰਪਨੀਆਂ ਖਤਰੇ ਦੀ ਵਾਧੂ ਫੀਸ ਵਸੂਲ ਕਰਦੀਆਂ ਹਨ। ਫਿਰ ਰਿਟੇਲਰ ਉਸ ਦਾ ਕੁਝ ਹਿੱਸਾ ਜਜ਼ਬ ਕਰਦੇ ਹਨ, ਕੁਝ ਹੋਰ ਉਪਭੋਗਤਾਵਾਂ ਉੱਤੇ ਲਾਦ ਦਿੰਦੇ ਹਨ। ਇਸ ਤਰ੍ਹਾਂ ਬੰਦਰ ਅੱਬਾਸ ਦੇ ਨੇੜੇ ਇਕ ਸੰਕਟ, ਮੱਧ ਪੂਰਬ ਤੋਂ ਕਾਫ਼ੀ ਦੂਰ ਖਾਣੇ ਅਤੇ ਆਵਾਜਾਈ ਦੇ ਭਾੜਿਆਂ ਵਿੱਚ ਦਿਖਾਈ ਦਿੰਦਾ ਹੈ।

ਸ਼ੇਅਰ ਬਾਜ਼ਾਰ ਵੀ ਇਸੇ ਕਾਰਨ ਪ੍ਰਤੀਕਿਰਿਆ ਕਰਦੇ ਹਨ। ਊਰਜਾ ਦੀਆਂ ਵਧੀਆਂ ਕੀਮਤਾਂ ਵਿਕਾਸ ਦੀ ਰਫ਼ਤਾਰ ਨੂੰ ਖ਼ਤਰੇ ਵਿੱਚ ਪਾਂਦੀਆਂ ਹਨ, ਘਰੇਲੂ ਖਰਚ ਘਟਾਉਂਦੀਆਂ ਹਨ ਅਤੇ ਵਿਆਜ ਦਰਾਂ ਬਾਰੇ ਫੈਸਲਿਆਂ ਨੂੰ ਔਖਾ ਬਣਾਉਂਦੀਆਂ ਹਨ। ਗਰੀਬ ਆਯਾਤਕ ਦੇਸ਼ਾਂ ਲਈ ਝਟਕਾ ਹੋਰ ਕਠੋਰ ਹੁੰਦਾ ਹੈ, ਕਿਉਂਕਿ ਈਂਧਨ ਅਤੇ ਖਾਣਾ ਉਨ੍ਹਾਂ ਦੇ ਮਹੀਨਾਵਾਰ ਬਜਟ ਦਾ ਵੱਡਾ ਹਿੱਸਾ ਹੁੰਦੇ ਹਨ।

2026 ਦੀ ਇਸ ਚਿੰਤਾ ਨੇ ਦੱਸਿਆ ਕਿ ਤੇਲ ਦੀ ਰਾਜਨੀਤੀ ਅਜੇ ਵੀ ਸਭ ਤੋਂ ਪੁਰਾਣੇ ਅਤੇ ਕੜਵੇ ਰੂਪ ਵਿੱਚ ਕਾਇਮ ਹੈ। ਇਹ ਹਰੇਕ ਦੀ ਰੋਜ਼ਾਨਾ ਜ਼ਿੰਦਗੀ ਤੱਕ ਤੇਜ਼ੀ ਨਾਲ ਪਹੁੰਚਦੀ ਹੈ। ਜੂਨ 2026 ਦਾ ਸਮਝੌਤਾ ਇਸ ਲਈ ਅਹਿਮ ਹੈ, ਕਿਉਂਕਿ ਇਹ ਡਿੱਗਦੀ ਸਥਿਤੀ ਨੂੰ ਰੋਕਦਾ ਹੈ, ਪਰ ਵਿਵਾਦ ਨੂੰ ਹੱਲ ਨਹੀਂ ਕਰਦਾ। ਰਿਪੋਰਟ ਕੀਤੀ ਗਈ ਸਹਿਮਤੀ 60 ਦਿਨਾਂ ਦੀ ਹੈ, ਜਿਸਦਾ ਮਕਸਦ ਜੰਗਬੰਦੀ ਹੈ, ਜਦੋਂ ਦੋਵੇਂ ਪੱਖ ਵੱਡੇ ਨਿਪਟਾਰੇ ਦੀ ਕੋਸ਼ਿਸ਼ ਕਰਦੇ ਹਨ, ਅਇਿਸ ਨੇ ਰਿਪੋਰਟ ਕੀਤਾ।

ਡਰਾਫ਼ਟ ਸ਼ਰਤਾਂ ਹਕੀਕਤ ਦੇ ਨੇੜੇ ਹਨ, ਕਠੋਰ ਨਹੀਂ। ਹੋਰਮੁਜ਼ ਦੀ ਖਾੜੀ ਤੁਰੰਤ ਖੁਲ੍ਹਣੀ ਹੈ, ਜਹਾਜ਼ਰਾਨੀ ਲਗਭਗ 30 ਦਿਨਾਂ ਵਿੱਚ ਜੰਗ ਤੋਂ ਪਹਿਲਾਂ ਦੇ ਪੱਧਰ ਦੇ ਨੇੜੇ ਆਉਣੀ ਹੈ, ਅਤੇ ਅਮਰੀਕਾ ਇਰਾਨੀ ਬੰਦਰਗਾਹਾਂ ਉੱਤੇ ਆਪਣੀ ਰਿਪੋਰਟ ਕੀਤੀ ਨਾਕਾਬੰਦੀ ਹਟਾਏਗਾ। ਇਰਾਨ ਨੂੰ ਗੱਲਬਾਤ ਦੌਰਾਨ ਤੇਲ ਵੇਚਣ ਲਈ ਅਸਥਾਈ ਪਾਬੰਦੀ-ਛੂਟ ਮਿਲੇਗੀ, ਅਤੇ ਉਹ ਇਨਰਿਚਹ ਕੀਤੇ ਯੂਰੇਨਿਯਮ ਦੇ ਭੰਡਾਰ ਬਾਰੇ ਗੱਲ ਕਰਦੇ ਹੋਏ ਪਰਮਾਣੂ ਹਥਿਆਰ ਨਾ ਬਣਾਉਣ ਲਈ ਰਾਜ਼ੀ ਹੋਵੇਗਾ।

ਇਰਾਨੀ ਮੀਡੀਆ ਨੇ 24 ਅਰਬ ਡਾਲਰ ਦੇ ਜਮ੍ਹਾ ਹੋਏ ਸੰਪਤੀ-ਭੰਡਾਰ ਜਾਰੀ ਕਰਨ ਦੀ ਵੀ ਗੱਲ ਕੀਤੀ, ਹਾਲਾਂਕਿ ਉਹ ਹਿੱਸਾ ਅਜੇ ਅਣਸ਼ਚਿੱਤ ਹੈ ਅਤੇ ਅੰਤਿਮ ਸ਼ਬਦਾਵਲੀ ਨੂੰ ਮਨਜ਼ੂਰੀ ਚਾਹੀਦੀ ਹੈ। ਪਾਬੰਦੀ-ਛੂਟ ਤੇਹਰਾਨ ਲਈ ਕੋਈ ਇਮਜੀ ਜਿੱਤ ਨਹੀਂ। ਇਹ ਆਰਥਿਕ ਸਾਹ ਹੈ। ਸਾਲਾਂ ਦੀਆਂ ਪਾਬੰਦੀਆਂ ਨੇ ਤੇਲ ਆਮਦਨ ਘਟਾਈ ਹੈ, ਮੁਦਰਾ ਨੂੰ ਮਾਰਿਆ ਹੈ, ਘਰੇਲੂ ਲਾਗਤਾਂ ਵਧਾਈਆਂ ਹਨ, ਅਤੇ ਰਾਜ ਨੂੰ ਵਿਰੋਧ ਸੰਭਾਲਣ ਲਈ ਬਹੁਤ ਘੱਟ ਥਾਂ ਛੱਡੀ ਹੈ।

60 ਦਿਨਾਂ ਲਈ ਹੀ ਸਹੀ, ਤੇਲ ਵੇਚਣ ਦਾ ਮੌਕਾ ਸਰਕਾਰੀ ਖਜ਼ਾਨੇ ਉੱਤੇ ਦਬਾਅ ਘਟਾ ਸਕਦਾ ਹੈ ਅਤੇ ਦੇਸ਼ ਅੰਦਰ ਘੇਰੇਬੰਦੀ ਦਾ ਅਹਿਸਾਸ ਹਲਕਾ ਕਰ ਸਕਦਾ ਹੈ। ਇਸੇ ਕਰਕੇ ਤੇਲ ਵਿਕਰੀ ਕੂਟਨੀਤਕ ਬਿਆਨਾਂ ਜਿੰਨੀ ਹੀ ਮਹੱਤਵਪੂਰਨ ਰਹਿੰਦੀ ਹੈ। ਇਰਾਨ ਨੂੰ ਨਕਦੀ ਦੀ ਆਵਾਜਾਈ, ਵਪਾਰ ਤੱਕ ਪਹੁੰਚ ਅਤੇ ਇਸ ਗੱਲ ਦਾ ਸਬੂਤ ਚਾਹੀਦਾ ਹੈ ਕਿ ਗੱਲਬਾਤ ਨਾਲ ਹਕੀਕੀ ਲਾਭ ਮਿਲ ਸਕਦਾ ਹੈ। ਜਿਸ ਖ਼ਬਰ ਵਿੱਚ ਪੈਸਾ ਨਾ ਹੋਵੇ, ਉਹ ਤੇਹਰਾਨ ਲਈ ਖੋਖਲੀ ਲੱਗੇਗੀ। ਮੁੱਦਾ ਪ੍ਰਤੀਕ ਨਹੀਂ, ਸਾਹ ਲੈਣ ਦੀ ਥਾਂ ਹੈ। ਸਭ ਤੋਂ ਔਖਾ ਮਸਲਾ ਅਜੇ ਵੀ ਪਰਮਾਣੂ ਫਾਈਲ ਹੀ ਹੈ। ਵਾਸ਼ਿੰਗਟਨ ਸਖ਼ਤ ਸੀਮਾਵਾਂ, ਮਜ਼ਬੂਤ ਨਿਗਰਾਨੀ ਅਤੇ ਹਥਿਆਰ ਵੱਲ ਜਾਣ ਵਾਲੇ ਰਸਤੇ ਉੱਤੇ ਸਾਫ਼ ਰੋਕ ਚਾਹੁੰਦਾ ਹੈ। ਤੇਹਰਾਨ ਇਨਰਿਚਹਮਇਨਟ ਦੇ ਕੁਝ ਹੱਕ ਦੀ ਮਾਨਤਾ ਚਾਹੁੰਦਾ ਹੈ, ਅਤੇ ਅਜਿਹਾ ਸਮਝੌਤਾ ਨਹੀਂ ਚਾਹੁੰਦਾ ਜੋ ਦਬਾਅ ਅੱਗੇ ਝੁਕਣ ਵਾਂਗ ਪੜ੍ਹਿਆ ਜਾਵੇ। ਇਹੀ ਖਾਲੀ ਥਾਂ ਪਹਿਲਾਂ ਵੀ ਕੂਟਨੀਤੀ ਨੂੰ ਜਾਮ ਕਰ ਚੁੱਕੀ ਹੈ, ਅਤੇ ਇਹ ਅਜੇ ਵੀ ਗਾਇਬ ਨਹੀਂ ਹੋਈ। ਕਥਿਤ ਸਮਝੌਤਾ ਸਟੋਚਕਪਿਲਏ ਦੇ ਮਸਲੇ ਨੂੰ ਛੂਹਿੰਦਾ ਹੈ, ਪਰ ਉਸ ਨੂੰ ਸਾਫ਼ ਨਹੀਂ ਕਰਦਾ। ਇਹ ਬੈਲਿਸਟਿਕ ਮਿਸ਼ਾਈਲਾਂ ਅਤੇ ਇਰਾਨੀ ਖੇਤਰੀ ਸਾਥੀਆਂ ਨੂੰ ਵੀ ਟੈਕਸਟ ਦੇ ਸਾਫ਼ ਹਿੱਸਿਆਂ ਤੋਂ ਬਾਹਰ ਰੱਖਦਾ ਹੈ।

ਜੇ ਅਗਲੇ ਦੌਰ ਇਹ ਖਾਲੀਆਂ ਥਾਂਵਾਂ ਨਾ ਭਰ ਸਕੇ, ਤਾਂ 60 ਦਿਨਾਂ ਦੀ ਰੁਕ-ਾਵਟ ਵੀ ਉੱਥੇ ਖਤਮ ਹੋ ਸਕਦੀ ਹੈ ਜਿੱਥੇ ਪਿਛਲੇ ਕਈ ਮੌਕੇ ਖਤਮ ਹੋਏ ਸਨ, ਅਤੇ ਦੋਵੇਂ ਪੱਖ ਇਕ ਦੂਜੇ ਉੱਤੇ ਬਦਨਿਯਤੀ ਦੇ ਦੋਸ਼ ਲਗਾਉਣਗੇ। ਹਰ ਰਾਜਧਾਨੀ ਨੂੰ ਆਪਣੀ ਜਨਤਾ ਲਈ ਵੀ ਕਹਾਣੀ ਚਾਹੀਦੀ ਹੈ। ਵਾਸ਼ਿੰਗਟਨ ਦਾਅਵਾ ਕਰ ਸਕਦਾ ਹੈ ਕਿ ਦਬਾਅ ਕਾਰਗਰ ਰਿਹਾ, ਕਿਉਂਕਿ ਜਹਾਜ਼ਰਾਨੀ ਖੁਲ੍ਹੀ ਅਤੇ ਤੇਹਰਾਨ ਮੁੜ ਗੱਲਬਾਤ ਦੇ ਮੇਜ਼ ਤੇ ਆਇਆ। ਇਰਾਨੀ ਨੇਤਾ ਇਹ ਕਹਿ ਸਕਦੇ ਹਨ ਕਿ ਉਹਨਾਂ ਨੇ ਸਮਰਪਣ ਨਹੀਂ ਕੀਤਾ, ਕਿਉਂਕਿ ਪਾਬੰਦੀ-ਛੂਟ ਅਤੇ ਤੇਲ ਵਿਕਰੀ ਸਰਕਾਰੀ ਹਾਰ ਦੇ ਆਧਾਰ ਤੇ ਨਹੀਂ ਮਿਲੀ। ਇਜ਼ਰਾਈਲ ਵੀ ਕਹਿ ਸਕਦਾ ਹੈ ਕਿ ਲਗਾਤਾਰ ਦਬਾਅ ਨਾਲ ਖ਼ਤਰੇ ਉੱਤੇ ਧਿਆਨ ਬਣਿਆ ਰਿਹਾ, ਹਾਲਾਂਕਿ ਉਸਦੀ ਸੁਰੱਖਿਆ ਪ੍ਰਣਾਲੀ ਨੂੰ ਇਹ ਚਿੰਤਾ ਰਹਿੰਦੀ ਹੈ ਕਿ ਤੇਹਰਾਨ ਨੂੰ ਕੋਈ ਵੀ ਛੂਟ ਉਸਦੇ ਖਜ਼ਾਨੇ ਨੂੰ ਮੁੜ ਮਜ਼ਬੂਤ ਕਰ ਸਕਦੀ ਹੈ ਅਤੇ ਮਿਸ਼ਾਈਲਾਂ ਜਾਂ ਸਾਥੀ ਮਿਲੀਸ਼ੀਆ ਨੂੰ ਤਾਕਤ ਦੇ ਸਕਦੀ ਹੈ।

ਇਸ ਲਈ ਇਹ ਸਮਝੌਤਾ ਸੱਚਾ ਵੀ ਹੈ ਅਤੇ ਨਾਜ਼ੁਕ ਵੀ। ਇਹ ਤਾਪਮਾਨ ਬਦਲਦਾ ਹੈ, ਢਾਂਚਾ ਨਹੀਂ। ਜੰਗਬੰਦੀ ਸਮੁੰਦਰ ਵਿੱਚ ਖਤਰਾ ਘਟਾ ਸਕਦੀ ਹੈ, ਪਰ ਦਹਾਕਿਆਂ ਦੀ ਬੇਇਤਬਾਰੀ ਨੂੰ ਮਿਟਾ ਨਹੀਂ ਸਕਦੀ। ਇਹ ਕੋਈ ਸਾਰਾ ਇਲਾਜ ਨਹੀਂ, ਅਤੇ ਜੋਖਮ ਦੇ ਪੱਲੇ ਨੂੰ ਮੁੜ ਸੰਤੁਲਿਤ ਕਰਨਾ ਆਸਾਨ ਨਹੀਂ। ਅੱਗੇ ਦੀ ਦਿਸ਼ਾ ਇਸ ਗੱਲ ਉੱਤੇ ਘੱਟ ਨਿਰਭਰ ਕਰਦੀ ਹੈ ਕਿ ਦਸਤਖ਼ਤ ਹੁੰਦੇ ਹਨ ਜਾਂ ਨਹੀਂ, ਅਤੇ ਵਧੇਰੇ ਇਸ ਉੱਤੇ ਕਿ ਆਉਣ ਵਾਲੇ ਮਹੀਨਿਆਂ ਵਿੱਚ ਕੀ ਹੁੰਦਾ ਹੈ। ਅਸਥਾਈ ਸਮਝੌਤੇ ਅਕਸਰ ਉਸ ਵੇਲੇ ਠਹਿਰ ਜਾਂਦੇ ਹਨ ਜਦੋਂ ਕੈਮਰੇ ਬੰਦ ਹੋ ਜਾਂਦੇ ਹਨ; ਸਖ਼ਤ ਧੜੇ ਨੁਕ-ਸਾਨ ਗਿਣਣ ਲੱਗਦੇ ਹਨ। ਵਾਸ਼ਿੰਗਟਨ ਵਿੱਚ ਕਿਸੇ ਵੀ ਵ੍ਹਾਈਟ ਹਾਊਸ ਨੂੰ ਵਿਰੋਧੀ ਆਲੋਚਕਾਂ ਦਾ ਸਾਹਮਣਾ ਵੀ ਰਹੇਗਾ, ਜੋ ਕਹਿਣਗੇ ਕਿ ਅਸਥਾਈ ਰਾਹਤ ਨੇ ਤੇਹਰਾਨ ਨੂੰ ਪੈਸਾ ਦਿੱਤਾ ਪਰ ਕਾਰਜਕ੍ਰਮ ਨਹੀਂ ਤੋੜਿਆ। ਤੇਹਰਾਨ ਵਿੱਚ ਸੁਰੱਖਿਆ ਵਰਗ ਅਮਰੀਕੀ ਭਰੋਸਿਆਂ ਉੱਤੇ ਸ਼ੱਕ ਕਰਦਾ ਹੈ ਅਤੇ ਦਖ਼ਲਅੰਦਾਜ਼ ਨਿਗਰਾਨੀ ਨੂੰ ਮੰਨਣ ਤੋਂ ਹਿਚਕਦਾ ਹੈ। ਬਾਹਰੀ ਤਾਕਤਾਂ ਵੀ ਆਪਣੇ ਹਿੱਤ ਲੈ ਕੇ ਆਉਣਗੀਆਂ। ਯੂਰਪ ਊਰਜਾ ਦੀਆਂ ਘੱਟ ਕੀਮਤਾਂ ਅਤੇ ਖੇਤਰੀ ਅਸਰ ਘਟਾਉਣ ਦੀ ਉਮੀਦ ਕਰਦਾ ਹੈ।

ਦੂਜੇ ਪਾਸੇ, ਚੀਨ ਨੂੰ ਖੁੱਲ੍ਹੇ ਗਲਫ਼ ਰਸਤੇ ਅਤੇ ਇਰਾਨੀ ਕੱਚੇ ਤੇਲ ਤੱਕ ਸਥਿਰ ਪਹੁੰਚ ਚਾਹੀਦੀ ਹੈ। ਰੂਸ ਨੂੰ ਵਾਸ਼ਿੰਗਟਨ ਦੇ ਧਿਆਨ ਭਟਕਣ ਨਾਲ ਫ਼ਾਇਦਾ ਹੁੰਦਾ ਹੈ, ਪਰ ਉਸ ਨੂੰ ਐਸੇ ਗਲਫ਼ ਝਟਕੇ ਦੀ ਵੀ ਖ਼ਾਹਿਸ਼ ਨਹੀਂ ਜੋ ਊਰਜਾ ਬਾਜ਼ਾਰਾਂ ਨੂੰ ਉਲਝਾ ਦੇਵੇ। ਸਾਊਦੀ ਅਰਬ ਅਤੇ ਯੂਏਈ ਨੂੰ ਸ਼ਾਂਤ ਸਮੁੰਦਰੀ ਰਸਤੇ ਚਾਹੀਦੇ ਹਨ, ਪਰ ਉਹ ਨਹੀਂ ਚਾਹੁੰਦੇ ਕਿ ਇਰਾਨ ਪਾਬੰਦੀ-ਛੂਟ ਨੂੰ ਆਪਣੇ ਖੇਤਰੀ ਦਾਇਰੇ ਵਧਾਉਣ ਲਈ ਵਰਤੇ।

ਕਮਜ਼ੋਰ ਥਾਂਵਾਂ ਸਾਫ਼ ਹਨ। ਲੈਬਨਾਨ ਮੁੜ ਭੜਕ ਸਕਦਾ ਹੈ। ਹਿਜ਼ਬੁੱਲਾ ਹੱਦ ਦੀ ਪਰਖ ਕਰ ਸਕਦਾ ਹੈ। ਜੇ ਤੇਲ ਨਿਗਰਾਨਾਂ ਤੋਂ ਤੇਜ਼ੀ ਨਾਲ ਲੰਘਣ ਲੱਗ ਪਏ, ਤਾਂ ਪਾਬੰਦੀਆਂ ਦੀ ਪਾਲਣਾ ਟੁੱਟੀ-ਫੁੱਟੀ ਹੋ ਸਕਦੀ ਹੈ। ਜੇ ਪਹੁੰਚ ਦੇ ਮਸਲੇ ਲਟਕਦੇ ਰਹੇ, ਜਾਂ ਇਨਰਿਚਹ ਕਰਨ ਦੇ ਪੱਧਰ ਸਪਸ਼ਟ ਨਾ ਰਹੇ, ਤਾਂ ਪਰਮਾਣੂ ਨਿਗਰਾਨੀ ਪਹਿਲੀ ਵੱਡੀ ਝਗੜੇ ਦੀ ਥਾਂ ਬਣ ਸਕਦੀ ਹੈ। ਫਿਰ ਵੀ ਇਹ ਸਮਝੌਤਾ ਇਸ ਲਈ ਅਹਿਮ ਹੈ, ਕਿਉਂਕਿ ਇਹ ਦਿਖਾਉਂਦਾ ਹੈ ਕਿ ਕੂਟਨੀਤੀ ਜੰਗ ਨੂੰ ਰੋਕ ਸਕਦੀ ਹੈ, ਭਾਵੇਂ ਟਕਰਾਅ ਗਲੋਬਲ ਕਿਉਂ ਨਾ ਹੋ ਚੁੱਕਾ ਹੋਵੇ। ਇਹ ਛੋਟੀ ਤਰੱਕੀ ਹੈ, ਖੁਸ਼ ਅੰਤ ਨਹੀਂ। ਡੂੰਘੇ ਝਗੜੇ ਅਜੇ ਵੀ ਬਾਕੀ ਹਨ ਅਤੇ ਇਲਾਕੇ ਨੂੰ ਮੁੜ ਕਿਨਾਰੇ ਤੱਕ ਲੈ ਜਾ ਸਕਦੇ ਹਨ, ਕਿਸੇ ਵੀ ਵੇਲੇ।

2023 ਦੇ ਅਮਰੀਕਾ-ਇਰਾਨ ਸਟੈਂਡਆਫ਼ ਨੇ ਵੀ ਇਹੀ ਦਿਖਾਇਆ ਸੀ ਕਿ ਮੱਧ ਪੂਰਬ ਦਾ ਇਕ ਸੰਕਟ ਕਿੰਨੀ ਤੇਜ਼ੀ ਨਾਲ ਵਿਸ਼ਵ ਆਰਥਿਕ ਖਤਰੇ ਵਿੱਚ ਬਦਲ ਸਕਦਾ ਹੈ। ਹੋਰ-ਮੁਜ਼ ਲਈ ਧਮਕੀ, ਪਰਮਾਣੂ ਹਥਿਆਰਾਂ ਦੀ ਚਿੰਤਾ ਅਤੇ ਇਜ਼ਰਾਈਲ ਦੀ ਸੁਰੱਖਿਆ ਸੰਕਟ, ਇਹ ਸਭ ਗਲਫ਼ ਤੋਂ ਦੂਰ ਬੈਠੇ ਲੋਕਾਂ ਦੇ ਊਰਜਾ ਬਾਜ਼ਾਰਾਂ ਅਤੇ ਰੋਜ਼ਾਨਾ ਕੀਮਤਾਂ ਨੂੰ ਹਿਲਾ ਸਕਦੇ ਹਨ।

ਅੰਤਰਿਮ ਸਮਝੌਤੇ ਦੀ ਅਹਿਮੀਅਤ ਇਸੇ ਵਿੱਚ ਹੈ। ਇਹ ਜਹਾਜ਼ੀ ਰਾਹਾਂ ਨੂੰ ਬਚਾਉਂਦਾ ਹੈ, ਸਿੱਧੀ ਤਣਾਅ ਦੀ ਸੰਭਾਵਨਾ ਘਟਾਉਂਦਾ ਹੈ, ਅਤੇ ਗੱਲਬਾਤ ਲਈ ਸਮਾਂ ਦਿੰਦਾ ਹੈ। ਪਰ ਜੇ ਇਹ ਗੰਢਾਂ ਮੁੜ ਕੱਸ ਗਈਆਂ, ਤਾਂ ਜੰਗਬੰਦੀ ਦੀ ਭਾਸ਼ਾ ਜਲਦੀ ਹੀ ਸਿਮਟ ਜਾਏਗੀ। ਫਿਰ ਇੱਕ ਮਿਸ਼ਾਈਲ, ਇੱਕ ਮਾਈਨ ਜਾਂ ਇੱਕ ਬੰਦ ਰਸਤਾ ਪੁਰਾਣਾ ਸਬਕ ਦੁਹਰਾਏਗਾ, ਅਤੇ ਮੱਧ ਪੂਰਬ ਦੀ ਅਸਥਿਰਤਾ ਦੀ ਕੀਮਤ ਵੱਡੀ ਦੁਨੀਆ ਉੱਤੇ ਹੀ ਆਉਂਦੀ ਰਹੇਗੀ, ਕਿਉਂਕਿ ਕੁਝ ਨੇਤਾਵਾਂ ਨੇ ਆਪਣੇ ਨਿੱਜੀ ਝਗੜਿਆਂ ਨੂੰ ਖੇਤਰੀ ਨੀਤੀ ਬਣਾ ਦਿੱਤਾ ਹੈ।



**ਸੁਰਜੀਤ ਸਿੰਘ ਫਲੋਰਾ**
**SURJIT SINGH FLORA**
**6 Havelock Drive, Brampton, ON**

# ਸ਼ਹੀਦਾਂ ਦੇ ਸਿਰਤਾਜ-ਸ੍ਰੀ ਗੁਰੂ ਅਰਜਨ ਦੇਵ ਜੀ

ਪੰਚਮ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਗੁਰੂ ਰਾਮ ਦਾਸ ਤੇ ਮਾਤਾ ਭਾਨੀ ਦੇ ਘਰ ਗੋਇੰਦਵਾਲ ਵਿਖੇ ਹੋਇਆ। ਉਨ੍ਹਾਂ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਤੇ ਮਹਾਦੇਵ ਸਨ। ਆਪਜੀ ਦੇ ਬਚਪਨ ਦੇ ਸਾਢ਼ੇ ਗਿਆਰਾਂ ਸਾਲ ਆਪਣੇ ਨਾਨਾ ਗੁਰੂ ਅਮਰਦਾਸ ਜੀ ਦੀ ਗੋਦ ਵਿੱਚ ਲਾਡ ਪਿਆਰ ਲੈਂਦਿਆਂ ਅਤੇ ਉਹਨਾਂ ਦੀ ਦੇਖ ਰੇਖ ਵਿੱਚ ਗੋਇੰਦਵਾਲ ਸਾਹਿਬ ਵਿੱਚ ਹੀ ਬੀਤੇ । ਮੁਢਲੀ ਵਿੱਦਿਆ ਦੇਵਨਾਗਰੀ ਤੇ ਗਣਿਤ ਪਿੰਡ ਦੇ ਪਾਂਧੇ ਤੋਂ ਸਿੱਖੀ । ਫਾਰਸੀ ਪਿੰਡ ਦੇ ਮਦਰੱਸੇ ਤੋਂ ਤੇ ਪੰਜਾਬੀ ਗੁਰੂ ਅਮਰਦਾਸ ਤੇ ਗੁਰੂ ਰਾਮਦ-ਾਸ ਨੇ ਆਪ ਸਿਖਾਈ। ਆਪ ਜੀ ਨੇ ਰਾਗ ਵਿੱਦਿਆ, ਸ਼ਸਤਰ ਵਿੱਦਿਆ, ਨੇਜੇਬਾਜ਼ੀ ਤੇ ਘੋੜ ਸਵਾਰੀ ਵਿੱਚ ਵੀ ਨਿਪੁੰਨਤਾ ਹਾਸਲ ਕੀਤੀ। ਸਿਰੰਦਾ ਉਹ ਬਹੁਤ ਹੀ ਸੁੰਦਰ ਵਜਾਉਂਦੇ ਸੀ। ਰਾਗ ਵਿਦਿਆ ਵਿੱਚ ਉਹ ਐਨੇ ਮਾਹਿਰ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਰਾਗਾਂ ਦੇ ਵਖ ਵੱਖ ਭੇਦਾਂ ਤੋਂ ਜਾਣਿਆ ਜਾ ਸਕਦਾ ਹੈ। ਵੇਦ , ਕਤੇਬ, ਕੁਰਾਨ ਦਾ ਸਾਰ ਕੁਝ ਤੁਕਾਂ ਵਿੱਚ ਦੇ ਜਾਣਾ, ਉਹਨਾਂ ਕੋਲ ਹਰ ਧਰਮ ਦਾ ਗਿਆਨ ਹੋਣਾ ਦਰਸਾਉਂਦਾ ਹੈ।

ਬਚਪਨ ਤੋਂ ਹੀ ਉਨ੍ਹਾਂ ਦੀ ਵੱਡਿਆਂ ਵਾਲੀ ਸੋਚ, ਸੇਵਾ, ਸਿਮਰਨ ਤੇ ਬਾਣੀ ਨਾਲ ਅਸੀਮ ਪਿਆਰ ਦੇਖ ਕੇ ਗੁਰੂ ਅਮਰਦਾਸ ਜੀ ਉਨ੍ਹਾਂ ਨੂੰ ਅਕਸਰ ਵੱਡਾ ਪੁਰਖ, ਦੋਹਿ-ਤਾ ਬਾਣੀ ਦਾ ਬੋਹਿਥਾ ਕਿਹਾ ਕਰਦੇ ਸਨ । ਛੋਟੀ ਉਮਰ ਤੋਂ ਹੀ ਆਪ ਗੁਰੂ ਰਾਮਦਾਸ ਜੀ ਨਾਲ ਸੇਵਾ ਅਤੇ ਉਸਾਰੀ ਦੇ ਕੰਮਾਂ ਵਿਚ ਮਦਦ ਕਰਨ ਲਈ ਜਾਂਦੇ ਤੇ ਬਹੁਤ ਸਾਰੇ ਕੰਮ, ਜੋ ਗੁਰ ਰਾਮਦਾਸ ਜੀ ਨੇ ਸ਼ੁਰੂ ਕੀਤੇ ਸੀ, ਉਹਨਾਂ ਦੀ ਸੰਪੂਰਨਤਾ ਆਪਜੀ ਨੇ ਕੀਤੀ। ਉਸਾਰੀ ਓਤੇ ਸ਼ਿਲਪ ਕਲਾ ਵਿੱਚ ਨਿਪੁੰਨਤਾ ਹੀ ਉਨ੍ਹਾਂ ਦਾ ਹਰਿਮੰਦਰ ਸਾਹਿਬ ਦੀ ਸਥਾਪਨਾ, ਤਰਨਤਾਰਨ, ਲਾਹੌਰ, ਬਉਲੀ ਸਾਹਿਬ, ਦੀਵਾਨ ਖਾਨਾ , ਕਰਤਾਰ ਪੁਰ, ਅੰਮ੍ਰਿਤਸਰ, ਖਾਸ ਕਰਕੇ ਸ਼ੀਸ਼ ਮਹਲ ਤੇ ਲਗਾਏ ਬਾਗ ਤੇ ਹੋਰ ਅਨੇਕਾਂ ਮਿਸਾਲਾਂ ਹਨ। ਸਤੰਬਰ 1574 ਵਿਚ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਜਿੰਮੇਵਾਰੀ ਗੁਰੂ ਰਾਮਦ-ਾਸ ਜੀ ਨੂੰ ਦੇਕੇ ਹੁਕਮ ਕੀਤਾ ਕਿ ਸ਼ਹਿਰ ਅੰਮ੍ਰਿਤਸਰ ਵਿਚ ਸਿੱਖੀ ਪ੍ਰਚਾਰ ਅਰੰਭਿਆ ਜਾਏ। ਸੋ ਗੁਰੂ ਰਾਮਦਾਸ ਜੀ ਦੇ ਨਾਲ ਨਾਲ ਗੁਰੂ ਅਰਜਨ ਦੇਵ ਜੀ ਪ੍ਰਿਥੀਚੰਦ ਤੇ ਮਹਾਦੇਵ, ਗੋਵਿੰਦਵਾਲ ਤੋਂ ਅੰਮ੍ਰਿਤਸਰ ਵਸ ਗਏ ਜਿਸਦਾ ਪਹਿਲਾ ਨਾਮ ਗੁਰੂ ਕਾ ਚੱਕ ਤੇ ਫੇਰ ਰਾਮਦਾਸ ਪੁਰਾ ਅਤੇ ਬਾਅਦ ਵਿੱਚ ਅੰਮ੍ਰਿਤਸਰ ਦੇ ਨਾਂ ਨਾਲ ਮਸ਼ਹੂਰ ਹੋ ਗਿਆ।

ਆਪ ਜੀ ਇਕ ਉੱਚ ਕੋਟੀ ਦੇ ਵਿਦ-ਵਾਨ , ਸਹਿਤਕਾਰ, ਇੱਕ ਚੰਗੇ ਚਿਤ੍ਰਕਾਰ, ਸੰਗੀਤਕਾਰ, ਤੇਜੱਸਵੀ ਆਗੂ, ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ । ਮਹਾ-ਪਰਉਪਕਾਰੀ, ਕੌਮ ਦੇ ਉਸਰੱਈਏ ਆਪ ਦੀ ਸ਼ਖ਼ਸੀਅਤ ਦੇ ਵਿਲੱਖਣ ਸਰੂਪ ਸਨ। ਉਹ ਇੱਕ ਉੱਚ ਕੋਟੀ ਦੇ ਵਿਦਵਾਨ ਵੀ ਸਨ ਜਿਨ੍ਹਾਂ ਨੇ ਆਪਣੀ ਸੋਚ ਅਤੇ ਆਪਣੀ ਕਥਨੀ ਨੂੰ ਕਰਨੀ ਵਿੱਚ ਬਦਲ ਕੇ ਰੱਖ ਦਿੱਤਾ। ਉਹਨਾਂ ਨੇ ਲੋਕਾਂ ਨੂੰ ਸਿਰਫ ਧਾਰਮਿਕ ਸਿੱਖਿਆ ਤੇ ਅਧਿਆਤਮਕ ਗਿਆਨ ਹੀ ਨਹੀਂ ਦਿੱਤਾ ਸਗੋਂ ਉਹਨਾਂ ਨੂੰ ਆਚਾਰ ਤੇ ਸਦਾਚਾਰ ਦੇ ਉਪਦੇਸ਼ ਦਿੰਦੇ ਹੋਏ ਉਹਨਾਂ ਦੇ ਅੰਗ ਸੰਗ ਰਹਿ ਕੇ ਉਹਨਾਂ ਦੇ ਦੁੱਖ, ਸੁੱਖ ਨਾਲ ਸਾਂਝ ਪਾਈ ਹੈ। ਲੋਕਾਂ ਦੀਆਂ ਜ਼ਰੂਰਤਾਂ ਨੂੰ ਦਿਲੋਂ ਮਹਿਸੂਸ ਕੀਤਾ, ਤੇ ਪੂਰਾ ਕਰਨ ਦੇ ਸੰਭਵ ਯਤਨ ਵੀ ਕੀਤੇ, ਲੋੜ ਪਈ ਤਾਂ ਆਪਣੀ ਜਾਨ ਵੀ ਕੁਰਬਾਨ ਕਰ ਦਿੱਤੀ।

ਆਪ ਜੀ ਦੀ ਪਤਨੀ ਦਾ ਨਾਂ ਗੰਗਾ ਜੀ ਸੀ ਤੇ ਇਹ ਪਿੰਡ ਮਿਓ ਜ਼ਿਲ੍ਹਾ ਜਲੰਧਰ ਦੇ ਵਾਸੀ ਸਨ। ਉਹਨਾਂ ਦੇ ਇੱਕ ਹੀ ਪੁੱਤਰ ਹਰਿਗੋਬਿੰਦ ਜੀ ਸਨ, ਜੋ ਛੇਵੇਂ ਗੁਰੂ ਹੋਏ। ਗੁਰੂ ਜੀ ਦਾ ਆਪਣੇ ਜੀਵਨ ਕਾਲ ਵਿੱਚ



ਕੀਤੇ ਕਾਰਜਾਂ ਵਿਚੋਂ ਸਭ ਤੋਂ ਮਹੱਤਵਪੂਰਨ ਕਾਰਜ ਆਦਿ ਗ੍ਰੰਥ ਦੀ ਸੰਪਾਦਨਾ ਹੈ ਜਿਸ ਦੇ ਨਾਲ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਮੋੜ ਆਇਆ। ਇਸ ਗ੍ਰੰਥ ਦਾ ਸੰਕਲਨ 1604 ਈ. ਵਿੱਚ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਨੇ ਇਸ ਵਿੱਚ ਪਹਿਲੇ 4 ਗੁਰੂਆਂ,15 ਭਗਤਾਂ, 11 ਭੱਟਾਂ ਅਤੇ ਗੁਰੂ ਘਰ ਦੇ ਨਿਕਟੀਆਂ ਦੀ ਬਾਣੀ ਨੂੰ ਸ਼ਾਮਿਲ ਕੀਤਾ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ 31 ਰਾਗਾਂ ਵਿਚੋਂ ਜੈਜਾਵੰਤੀ ਰਾਗ ਨੂੰ ਛੱਡ ਬਾਕੀ ਸਾਰੇ 30 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ ਹੈ। ਆਪ ਜੀ ਦੇ 2218 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਇਹਨਾਂ ਨੇ ਸਾਰੀ ਬਾਣੀ 1581 ਈ. ਤੋਂ 1604 ਈ. ਸਮੇਂ ਦੌਰਾਨ ਰਚੀ। ਗੁਰੂ ਜੀ ਦੀਆਂ ਪ੍ਰਮੁੱਖ ਬਾਣੀਆਂ ਗਉੜੀ ਸੁਖਮਨੀ, ਬਾਰਹਮਾਹ ਮਾਝ, ਬਾਵਨ ਅਕਰੀ, ਬਿਰਹੜੇ, ਗੁਣਵੰਤੀ, ਅੰਜੁਲੀ , ਪਹਿਰੇ, ਦਿਨ ਰੈਣਿ ਰਾਗ ਬੱਧ ਬਾਣੀਆਂ ਹਨ। ਸਲੋਕ ਵਾਰਾਂ ਤੇ ਵਧੀਕ , ਗਾਥਾ, ਫੁਨਹੇ, ਚਉ ਬੋਲੇ, ਸਲੋਕ ਸਹਸਕ੍ਰਿਤੀ, ਮੁੰਦਾਵਣੀ ਮਹਲਾ ੫ ਆਦਿ ਰਾਗ ਮੁਕਤ ਬਾਣੀਆਂ ਹਨ।

ਆਪਣੇ ਬੱਚਿਆਂ ਨੂੰ ਪਰਖਣ ਲਈ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਲਾਹੌਰ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਹੈ ਤੇ ਪ੍ਰਿਥੀ ਚੰਦ ਉੱਥੇ ਚਲੇ ਜਾਣ। ਉਹ ਕਹਿਣ ਲੱਗੇ ਕਿ ਮੈਂ ਕਿਵੇਂ ਜਾ ਸਕਦਾ ਹਾਂ ਕਿਉਂਕਿ ਇਥੇ ਬਹੁਤ ਜ਼ਿੰਮੇਵਾਰੀਆਂ ਹਨ। ਅਸਲ ਵਿੱਚ ਉਸ ਨੂੰ ਇਹ ਗੱਲ ਦਾ ਡਰ ਸੀ ਕਿ ਕਿਤੇ ਅਰਜਨ ਦੇਵ ਜੀ ਨੂੰ ਉਸ ਦੀ ਗ਼ੈਰ ਹਾਜ਼ਰੀ ਵਿਚ ਗੁਰਗੱਦੀ ਨਾ ਮਿਲ ਜਾਵੇ। ਗੁਰੂ ਅਰਜਨ ਦੇਵ ਜੀ ਛੋਟੇ ਅਤੇ ਗੁਰੂ ਮਾਰਗ ਤੇ ਚੱਲਣ ਵਾਲੇ ਮਹਾਨ ਤਪੱਸਵੀ ਸਨ। ਉਹ ਗੁਰੂ ਰਾਮਦਾਸ ਜੀ ਨੂੰ ਜਾਣ ਲਈ ਨਾਂਹ ਨਾ ਕਰ ਸਕੇ ਤੇ ਨੇਤਰਾਂ ਵਿਚ ਅੱਥਰੂ ਆ ਗਏ ਤੇ ਕਹਿਣ ਲੱਗੇ ਕਿ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਮੇਰਾ ਜਿਊਣਾ ਔਖਾ ਹੈ:

''ਜਿਉ ਮਛੁਲੀ ਬਿਨੁ ਪਾਣੀਐ, ਕਿਉ ਜੀਵਣੁ ਪਾਵੈ।''

ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਹੋਰ ਆਗਿਆ ਕੀਤੀ ਕਿ ਉੱਥੇ ਰਹਿ ਕੇ ਹੀ ਸਤਿਸੰਗ ਕਰਨਾ ਹੈ ਤੇ ਤੀਜੀ ਗੱਲ ਹੈ ਕਿ ਜਦ ਤਕ ਅਸੀ ਨਾ ਬੁਲਾਈਏ, ਤਦ ਤੱਕ ਵਾਪਸ ਨਹੀਂ ਆਉਣਾ। ਸੋ ਇਸੇ ਤਰ੍ਹਾਂ ਹੀ ਉਹਨਾਂ ਨੇ ਹੁਕਮਾਂ ਦੀ ਪਾਲਣਾ ਕੀਤੀ । ਅਰਜਨ ਦੇਵ ਜੀ ਨੂੰ ਉਡੀਕਦੇ-ਉਡੀਕਦੇ ਇੱਕ ਸਾਲ ਹੋ ਗਿਆ। ਆਪ ਜੀ ਨੇ ਪਿਤਾ ਗੁਰੂ ਰਾਮਦਾਸ ਜੀ ਨੂੰ ਦੋ ਚਿੱਠੀਆਂ ਲਿਖ ਕੇ ਭੇਜੀਆਂ । ਪਹਿਲੀ ਚਿੱਠੀ "ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰਦੇ ਚਾਤ੍ਰਿਕ ਕੀ ਨਿਆਈ॥" ਅਤੇ ਦੂਜੀ ਚਿੱਠੀ" ਤੇਰਾ ਮੁਖ ਸਹਾਵਾ ਜੀਉ ਸਹਿਜ ਧੁਨਿ ਬਾਣੀ॥ ਚਿਰ ਹੋਆ ਦੇਖੇ ਸਾਰਿੰਗ ਪਾਣੀ॥" ਇਹਨਾਂ ਨੂੰ ਪ੍ਰਿਥੀ ਚੰਦ ਨੇ ਆਪਣੇ ਕੋਲ ਹੀ ਲੁਕੋ ਲਿਆ ਤੇ ਗੁਰੂ ਰਾਮਦ-ਾਸ ਜੀ ਤੱਕ ਪਹੁੰਚਣ ਹੀ ਨਾ ਦਿੱਤੀਆਂ। ਤੀਜੀ ਚਿੱਠੀ ਦੇ ਕੇ ਸਿੱਖ ਨੂੰ ਤਾਕੀਦ ਕੀਤੀ ਕਿ ਖ਼ੁਦ ਗੁਰੂ ਰਾਮਦਾਸ ਜੀ ਨੂੰ ਚਿੱਠੀ ਦੇਣੀ ਹੈ। ਬਿਰਹੋਂ ਦੀ ਹਾਲਤ ਨੂੰ ਚੌਥੇ ਪਾਤਸ਼ਾਹ ਨੇ ਵਾਚਿਆ :

ਇਕ ਘੜੀ ਨਾ ਮਿਲਤੇ ਹਾਂ ਕਲਜੁਗੁ ਹੋਤਾ। ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।

ਚੌਥੇ ਪਾਤਸ਼ਾਹ ਗੁਰੂ ਰਾਮਦ-ਾਸ ਜੀ ਨੇ ਇਹ ਮਹਿਸੂਸ ਕੀਤਾ ਕਿ ਗੁਰਗੱਦੀ ਦਾ ਭਾਰ ਤਾਂ ਉਹੀ ਸੰਭਾਲ ਸਕਦਾ ਹੈ ਜਿਸ ਵਿਚ ਧੀਰਜ ਤੇ ਨਿਮਰਤਾ ਹੋਵੇ। ਬਾਬਾ ਬੁੱਢਾ ਜੀ, ਪੰਜ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਤੋਂ ਅਰਜਨ ਦੇਵ ਜੀ ਨੂੰ ਲੈ ਆਏ ਤੇ ਸਿੱਖੀ ਮਰਯਾਦਾ ਅਨਸਾਰ ਉਨ੍ਹਾਂ ਨੂੰ ਤਿਲਕ ਲਗਾਇਆ। ਕੇਵਲ ਦੋ ਦਿਨ ਗੁਰੂ ਰਾਮਦਾਸ ਜੀ, ਅੰਮ੍ਰਿਤਸਰ ਰਹਿ ਕੇ ਤੀਜੇ ਦਿਨ ਗੁਰੂ ਅਰਜਨ ਦੇਵ ਜੀ ਨਾਲ ਗੋਇੰਦਵਾਲ ਸਾਹਿਬ ਆ ਗਏ ਤੇ ਫਿਰ ਉਸੇ ਦਿਲ ਉਥੇ ਜੋਤੀ ਜੋਤ ਸਮਾ ਗਏ। ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਇੱਕ ਇਨਕਲਾਬੀ ਮੋੜ ਸੀ ਜਿਸਤੋਂ ਬਾਅਦ ਸ਼ਹੀਦੀਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ। ਇਸੇ ਲਈ ਉਹਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਮੁਗਲ ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਅਕਤੂਬਰ 1605 ਵਿਚ ਜਹਾਂਗੀਰ ਮੁਗਲ ਸਾਮਰਾਜ ਦਾ ਬਾਦਸ਼ਾਹ ਬਣਿਆ। ਜਿਵੇਂ ਹੀ ਉਸਨੇ ਸਾਮਰਾਜ 'ਤੇ ਕਬਜ਼ਾ ਕੀਤਾ ਗੁਰੂ ਅਰਜਨ ਦੇਵ ਜੀ ਦੇ ਵਿਰੋਧੀ ਸਰਗਰਮ ਹੋ ਗਏ ਅਤੇ ਉਨ੍ਹਾਂ ਨੇ ਜਹਾਂਗੀਰ ਨੂੰ ਉਹਨਾਂ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਸ਼ਹਿਜ਼ਾਦਾ ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਵਿਰੁੱਧ ਬਗ਼ਾਵਤ ਕਰ ਦਿੱਤੀ। ਫਿਰ ਜਹਾਂਗੀਰ ਨੇ ਆਪਣੇ ਪੁੱਤਰ ਦਾ ਪਿੱਛਾ ਕੀਤਾ, ਇਸ ਲਈ ਉਹ ਪੰਜਾਬ ਨੂੰ ਭੱਜ ਗਿਆ। ਖੁਸਰੋ ਤਰਨਤਾਰਨ ਗੁਰੂ ਸਾਹਿਬ ਕੋਲ ਪਹੁੰਚ ਗਿਆ ਫਿਰ ਗੁਰੂ ਅਰਜਨ ਦੇਵ ਜੀ ਨੇ ਉਸ ਦਾ ਸੁਆਗਤ ਕੀਤਾ ਅਤੇ ਸ਼ਰਨ ਦਿੱਤੀ। ਜਦੋਂ ਜਹਾਂਗੀਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਅਰਜੁਨ ਦੇਵ ਜੀ 'ਤੇ ਗੁੱਸੇ ਹੋ ਗਿਆ। ਉਸ ਨੇ ਅਰਜੁਨ ਦੇਵ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ। ਸਾਂਈਂ ਮੀਆਂ ਮੀਰ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਗਏ ਤਸੀਹਿਆਂ ਨੂੰ ਦੇਖ ਕੇ ਬਹੁਤ ਦੁਖੀ ਹੋਏ। ਉਨ੍ਹਾਂ ਨੇ ਗੁਰੂ ਜੀ ਤੋਂ ਦਿੱਲੀ ਸਰਕਾਰ ਅੱਗੇ ਰੋਸ ਪ੍ਰਗਟ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਸਾਂਈਂ ਮੀਆਂ ਮੀਰ ਜੀ ਨੂੰ ਕਿਹਾ ਕਿ ਇਹ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿੱਚ ਹੈ। ਭਾਣੇ ਵਿੱਚ ਰਹਿਣਾ ਹੀ ਪਰਮਾਤਮਾ ਦੀ ਖੁਸ਼ੀ ਹੈ। ਉਨ੍ਹਾਂ ਨੇ ਸੰਸਾਰ ਨੂੰ ਭਾਣੇ ਵਿਚ ਰਹਿਣ ਦਾ ਸੰਦੇਸ਼ ਦਿੱਤਾ ਅਤੇ ਪ੍ਰਤੱਖ ਰੂਪ ਵਿਚ ਭਾਣਾ ਮੰਨ ਕੇ ਗੁਰਮੁਖ ਦੇ ਆਦਰਸ਼ ਨੂੰ ਸਾਕਾਰ ਕੀਤਾ:

**ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥**

ਆਪਣੇ ਵਿਚਾਰਾਂ ਲਈ ਦ੍ਰਿੜਤਾ ਤੇ ਨਿਸਚੇ ਨੂੰ ਪ੍ਰਗਟਾਉਂਦਿਆਂ ਗੁਰੂ ਜੀ ਨੇ, ਸਮੇਂ ਦੀ ਸਰਕਾਰ ਦੀ ਈਨ ਨਾ ਮੰਨ, 1606 ਈ. ਵਿੱਚ ਸ਼ਹਾਦਤ ਦਾ ਜਾਮ ਪੀ ਕੇ ਸਿੱਖਾਂ ਵਿੱਚ ਸ਼ਹਾਦਤ ਦੀ ਸੁਨਿਹਰੀ ਰੀਤ ਨੂੰ ਤੋਰਿਆ। ਗੁਰੂ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਸ਼ਾਂਤ-ਚਿੱਤ ਅਤੇ ਅਡੋਲ ਸਨ ਇਸੇ ਲਈ ਉਹਨਾਂ ਨੂੰ "ਸ਼ਾਂਤੀ ਦੇ ਪੁੰਜ" ਅਤੇ "ਸ਼ਹੀਦਾਂ ਦੇ ਸਿਰਤਾਜ" ਆਖਿਆ ਜਾਂਦਾ ਹੈ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਬਰਦਾਸ਼ਤ ਅਤੇ ਬਲੀਦਾਨ ਦੀ ਮੂਰਤ - ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਾਕਾ ਪੰਜਾਬੀ ਇਤਿਹਾਸ ਵਿਚ ਇਕ ਮਹਾਨ ਅਤੇ ਲਾਸਾਨੀ ਘਟਨਾ ਵਜੋਂ ਯਾਦ ਕੀਤਾ ਜਾਂਦਾ ਹੈ, ਕਿਉਂਕਿ ਇਸ ਨੇ ਹੱਕ, ਸੱਚ ਅਤੇ ਮਨੁੱਖੀ ਇਜ਼ਤ ਲਈ ਖੜ੍ਹੇ ਹੋਣ ਦੀ ਸਭ ਤੋਂ ਸਖ਼ਤ ਕੀਮਤ ਸਾਹਮਣੇ ਰੱਖੀ। ਗੁਰੂ ਸਾਹਿਬ ਨੇ ਜ਼ੁਲਮ, ਜਬਰ, ਅਨਿਆਂ ਅਤੇ ਬੇਇਨਸਾਫ਼ੀ ਦੇ ਵਿਰੁੱਧ ਡਟ ਕੇ ਆਵਾਜ਼ ਚੁੱਕੀ, ਅਤੇ ਇਸੇ ਕਾਰਨ ਉਨ੍ਹਾਂ ਨੂੰ ਤੱਤੀ ਤਵੀ, ਸੀਸ ਵਿੱਚ ਸੜਦੀ ਰੇਤ ਅਤੇ ਉਬਲਦੇ ਪਾਣੀ ਦੀ ਦੇਗ ਵਰਗੇ ਭਿਆਨਕ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਫਿਰ ਵੀ, ਉਨ੍ਹਾਂ ਨੇ ਮਨੁੱਖੀ ਹੱਕਾਂ ਦਾ ਝੰਡਾ ਥੱਲੇ ਨਹੀਂ ਆਉਣ ਦਿੱਤਾ, ਅਤੇ ਸਬਰ, ਸਿਦਕ ਤੇ ਅਡਿੱਗ ਵਿਸ਼ਵਾਸ ਨਾਲ ਜਬਰ ਦਾ ਮੁਕਾਬਲਾ ਕੀਤਾ।

ਗੁਰਮਤਿ ਦੀ ਬਰਾਬਰੀ ਵਾਲੀ ਸੋਚ, ਜੋ ਜ਼ਾਤ-ਪਾਤ, ਛੂਆ-ਛਾਤ ਅਤੇ ਵਰਣ ਵੰਡ ਨੂੰ ਮੂਲੋਂ ਰੱਦ ਕਰਦੀ ਹੈ, ਮੰਨੂਵਾਦੀ ਸੋਚ ਨਾਲ ਜੁੜੀਆਂ ਧਿਰਾਂ ਨੂੰ ਸਹਿੰਮਤ ਨਹੀਂ ਹੋਈ, ਇਸ ਲਈ ਗੁਰੂ ਘਰ ਦੇ ਵਿਰੁੱਧ ਸਰਕਾਰੀ ਦਰਬਾਰਾਂ ਤੱਕ ਸ਼ਿਕਾਇਤਾਂ ਪਹੁੰਚਾਈਆਂ ਗਈਆਂ। ਇਨ੍ਹਾਂ ਵਿਰੋਧੀ ਕੋਸ਼ਿਸ਼ਾਂ ਨੇ ਗੁਰੂ ਸਾਹਿਬ ਦੇ ਅਸੂਲਾਂ ਨੂੰ ਰੋਕਣ ਦੀ ਹਰ ਕੋਸ਼ਿਸ਼ ਕੀਤੀ, ਪਰ ਉਹ ਸਿਦਕ ਦਾ ਰੂਪ ਬਣ ਕੇ ਹੋਰ ਵੱਧ ਚਮਕੇ, ਕਿਉਂਕਿ ਦਬਾਅ ਨੇ ਉਨ੍ਹਾਂ ਦੀ ਸੱਚਾਈ ਨੂੰ ਢਾਹਿਆ ਨਹੀਂ, ਸਗੋਂ ਸਾਫ਼ ਕੀਤਾ। 30 ਮਈ 1606 ਦੀ ਸ਼ਹਾਦਤ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਮਨੁੱਖੀ ਹੱਕਾਂ ਲਈ ਦਿੱਤੀ ਕੁਰਬਾਨੀ ਸਿਰਫ਼ ਇਕ ਵਿਅਕਤੀ ਦੀ ਮੌਤ ਨਹੀਂ ਹੁੰਦੀ, ਉਹ ਇਕ ਐਸੀ ਨੈਤਿਕ ਮਿਸਾਲ ਬਣ ਜਾਂਦੀ ਹੈ ਜੋ ਅਗਲੀਆਂ ਪੀੜ੍ਹੀਆਂ ਨੂੰ ਇਨਸਾਫ਼ ਦੇ ਪੱਖ ਵਿਚ ਖੜ੍ਹੇ ਰਹਿਣ ਦੀ ਸੀਖ਼ ਦਿੰਦੀ ਹੈ।

ਗੁਰੂ ਸਾਹਿਬਾਨ ਦੀ ਧਰਮ-ਚੇਤਨਾ ਨੇ ਮਨੁੱਖੀ ਭਲਾਈ ਨੂੰ ਸਭ ਤੋਂ ਉੱਪਰ ਰੱਖਿਆ, ਇਸ ਲਈ ਉੱਥੇ ਜਾਤ, ਜਨਮ, ਰਸਮਾਂ, ਜਾਂ ਠੇਠ ਧਾਰਮਿਕ ਪਾਬੰਦੀਆਂ ਲਈ ਕੋਈ ਥਾਂ ਨਹੀਂ ਸੀ। ਗੁਰਮਤਿ ਦਾ ਕੇਂਦਰ ਮਨੁੱਖ ਸੀ, ਅਤੇ ਉਸ ਮਨੁੱਖ ਦੀ ਇਜ਼ਤ, ਭੁੱਖ, ਦੁੱਖ, ਸੱਚ, ਤੇ ਸਾਂਝ ਉਸ ਦੇ ਅਸਲੀ ਮਾਪਦੰਡ ਸਨ। ਇਸ ਕਾਰਨ ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਤੱਕ ਬਾਣੀ ਨੂੰ ਇਕੱਠਾ ਕਰਨ, ਸੰਭਾਲਣ, ਤੇ ਇੱਕ ਥਾਂ ਰੱਖਣ ਦਾ ਕੰਮ ਸਿਰਫ਼ ਧਾਰਮਿਕ ਨਹੀਂ, ਬਲਕਿ ਸਮਾਜਕ ਪੱਧਰ ਤੇ ਵੀ ਬਹੁਤ ਵੱਡਾ ਕਦਮ ਸੀ। ਗੁਰੂ ਅਰਜਨ ਦੇਵ ਜੀ ਵੱਲੋਂ ਆਦਿ ਗ੍ਰੰਥ ਦੀ ਸੰਪਾਦਨਾ ਨੇ ਉਸ ਵਿਚਾਰ ਨੂੰ ਪੱਕੀ ਸ਼ਕਲ ਦਿੱਤੀ ਜੋ ਲੋਕਾਂ ਨੂੰ ਫੋਕਟ ਕਰਮਕਾਂਡਾਂ ਤੋਂ ਹਟਾ ਕੇ ਸਿੱਧੀ ਸੱਚਾਈ ਵੱਲ ਲੈ ਜਾਂਦੀ ਸੀ। ਅਜਿਹੀ ਸਾਫ਼ ਅਤੇ ਲੋਕ-ਹਿਤੀ ਸੋਚ ਕੱਟੜ ਜਮਾਤਾਂ ਨੂੰ ਕਦੇ ਨਹੀਂ ਭਾਈ, ਕਿਉਂਕਿ ਇਸ ਨੇ ਉਨ੍ਹਾਂ ਦੇ ਬਣਾਏ ਹੋਏ ਭੇਦਾਂ ਨੂੰ ਸਵਾਲਾਂ ਦੇ ਘੇਰੇ ਵਿਚ ਲਿਆ ਦਿੱਤਾ। ਆਮ ਲੋਕਾਂ ਲਈ ਗੁਰਬਾਣੀ ਦਾ ਸੁਨੇਹਾ ਸੌਖਾ ਸੀ, ਉਹਨਾਂ ਨੂੰ ਆਪਣੀ ਮਿਹਨਤ, ਆਪਣੀ ਇਨਸਾਫ਼ੀ ਜ਼ਿੰਦਗੀ, ਤੇ ਆਪਣੀ ਅੰਦਰਲੀ ਸਚਾਈ ਨਾਲ ਜੋੜਦਾ ਸੀ। ਦੂਜੇ ਪਾਸੇ, ਜਿਨ੍ਹਾਂ ਦੀ ਤਾਕਤ ਰੀਤਾਂ, ਡਰ, ਤੇ ਵੰਡਾਂ ਉੱਤੇ ਟਿਕੀ ਹੋਈ ਸੀ, ਉਹਨਾਂ ਲਈ ਇਹ ਵਿਚਾਰਧਾਰਾ ਸਿੱਧੀ ਚੁਣੌਤੀ ਬਣ ਗਈ। ਇਸੇ ਲਈ ਗੁਰੂ-ਬਾਣੀ ਵਿਰੁੱਧ ਸ਼ਿਕਾਇਤਾਂ, ਵਿਰੋਧ, ਤੇ ਦਬਾਅ ਦੇ ਰੂਪ ਵੱਖ-ਵੱਖ ਸਮਿਆਂ ਵਿਚ ਸਾਹਮਣੇ ਆਏ, ਜਿਵੇਂ ਗੁਰੂ ਅਮਰਦਾਸ ਜੀ ਦੇ ਦੌਰ ਵਿਚ ਅਕਬਰ ਕੋਲ ਕੀਤੀਆਂ ਸ਼ਿਕਾਇਤਾਂ। ਸਿਧਾਂਤਕ ਤੌਰ ਤੇ ਇਹ ਵਿਰੋਧੀ ਧਿਰਾਂ ਇੱਕ ਦੂਜੇ ਨਾਲ ਨਹੀਂ ਮਿਲਦੀਆਂ ਸਨ, ਪਰ ਗੁਰਮਤਿ ਨੂੰ ਰੋਕਣ ਦੇ ਮਸਲੇ ਤੇ ਉਹਨਾਂ ਦਾ ਨਿਸ਼ਾਨਾ ਇੱਕ ਹੀ ਸੀ। ਇੱਥੇ ਗੱਲ ਸਿਰਫ਼ ਧਾਰਮਿਕ ਅਸਹਿਮਤੀ ਦੀ ਨਹੀਂ ਸੀ, ਸਗੋਂ ਉਸ ਸਮਾਜਕ ਬਦਲਾਅ ਦੀ ਸੀ ਜੋ ਭੇਦ-ਭਾਵ ਦੀ ਜੜ੍ਹ ਨੂੰ ਹਿਲਾ ਰਿਹਾ ਸੀ।

ਗੁਰੂ ਅਰਜਨ ਦੇਵ ਜੀ ਦਾ ਜਨਮ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਹੋਇਆ। ਉਨ੍ਹਾਂ ਦੀ ਪਰਵਰਿਸ਼ ਗੋਇੰਦਵਾਲ ਸਾਹਿਬ ਦੇ ਰੂਹਾਨੀ ਮਾਹੌਲ ਵਿੱਚ ਹੋਈ, ਜਿੱਥੇ ਸੇਵਾ, ਨਿਮਰਤਾ ਅਤੇ ਬਾਣੀ ਦੀ ਕਦਰ ਘਰ ਦੀ ਹਵਾ ਵਾਂਗ ਸੀ। 1581 ਵਿੱਚ ਗੁਰਗੱਦੀ ਸੰਭਾਲ ਕੇ ਉਹ ਪੰਜਵੇਂ ਗੁਰੂ ਬਣੇ ਅਤੇ ਲਗਭਗ 25 ਸਾਲਾਂ ਤੱਕ ਸਿੱਖ ਪੰਥ ਦੀ ਅਗਵਾਈ ਕੀਤੀ।

ਉਨ੍ਹਾਂ ਦੇ ਜੀਵਨ ਵਿੱਚ ਸਾਦਗੀ ਅਤੇ ਪ੍ਰਬੰਧ ਦੋਵੇਂ ਸਪਸ਼ਟ ਸਨ। ਪਰੰਪਰਾਗਤ ਸਾਖੀ ਦੱਸਦੀ ਹੈ ਕਿ ਕਾਬਲ ਤੋਂ ਆ ਰਹੀ ਸੰਗਤ ਨੂੰ ਰਾਹ ਵਿੱਚ ਇੱਕ ਨੌਜਵਾਨ ਜੋੜੇ ਨੇ ਸੇਵਾ ਦਿੱਤੀ, ਚਰਨ ਦਬਾਏ, ਪਾਣੀ ਪਿਲਾਇਆ ਅਤੇ ਭੋਜਨ ਕਰਵਾਇਆ। ਅੰਮ੍ਰਿਤਸਰ ਪਹੁੰਚ ਕੇ ਜਦੋਂ ਪਤਾ ਲੱਗਾ ਕਿ ਉਹ ਗੁਰੂ ਅਰਜਨ ਦੇਵ ਜੀ ਅਤੇ ਬੀਬੀ ਗੰਗਾ ਜੀ ਸਨ, ਤਾਂ ਸੰਗਤ ਹੈਰਾਨ ਰਹਿ ਗਈ।

ਇਸ ਸਾਖੀ ਵਿੱਚ ਗੁਰੂ ਸਾਹਿਬ ਦੀ ਨਿਮਰਤਾ ਸਾਫ਼ ਦਿਸਦੀ ਹੈ।

ਆਦੀ ਗ੍ਰੰਥ ਦੀ ਸੰਪਾਦਨਾ ਅਤੇ ਸਿੱਖ ਪਾਠ ਪਰੰਪਰਾ ਦੀ ਮਜ਼ਬੂਤੀ

ਗੁਰੂ ਅਰਜਨ ਦੇਵ ਜੀ ਦੇ ਸਮੇਂ ਮੁਸਲਮਾਨ ਅਤੇ ਹਿੰਦੂ, ਗੁਰੂ ਜੀ ਦੇ ਸਿੱਖਾਂ ਨੂੰ ਤਾਨਾ ਮਾਰ ਕੇ ਕਹਿੰਦੇ ਸਨ ਕਿ ਤੁਹਾਡੇ ਕੋਲ ਨਾ ਕੋਈ ਤੀਰਥ-ਅਸਥਾਨ ਹੈ ਅਤੇ ਨਾ ਹੀ ਕੋਈ ਧਾਰਮਿਕ ਗ੍ਰੰਥ, "ਸ਼ੁਮਾ ਨਾ ਅਹਲ ਕਿਤਾਬ ਅਸਤ ਨਾ ਅਹਲਿ ਮਕਾਮ"। ਪਰ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਇਕ ਅਨੋਖਾ ਤੀਰਥ-ਅਸਥਾਨ, ਹਰਿਮੰਦਰ ਸਾਹਿਬ, ਦਿੱਤਾ, ਜਿਸ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਨੂੰ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਅਨਮੋਲ ਬਖ਼ਸ਼ਿਸ਼ ਵੀ ਕੀਤੀ, ਜਿਸ ਵਰਗਾ ਧਾਰਮਿਕ ਗ੍ਰੰਥ ਸਾਰੇ ਸੰਸਾਰ ਵਿਚ ਹੋਰ ਕੋਈ ਨਹੀਂ।

ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹਿੰਦੂ, ਮੁਸਲਮਾਨ ਅਤੇ ਸ਼ੂਦਰ ਮਹਾਂਪੁਰਸ਼ਾਂ ਦੀ ਬਾਣੀ ਵੀ ਦਰਜ ਹੈ। ਇਸ ਦੀ ਸਿੱਖਿਆ ਸਾਰੇ ਮਨੁੱਖਾਂ ਲਈ ਸਾਂਝੀ ਹੈ:
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਅੰਗ: ੭੪੭)

ਗੁਰੂ ਅਰਜਨ ਦੇਵ ਜੀ ਨੇ ਆਦੀ ਗ੍ਰੰਥ ਦੀ ਸੰਪਾਦਨਾ ਕਰਕੇ ਸਿੱਖਾਂ ਨੂੰ ਧੁਰ ਕੀ ਬਾਣੀ ਨਾਲ ਜੋੜਿਆਂ ਅਤੇ ਪਰੰਪਰਾ ਨੂੰ ਮਜ਼ਬੂਤ ਕੀਤਾ। ਉਨ੍ਹਾਂ ਨੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਰਚਨਾ ਨੂੰ ਇਕੱਠਾ ਕੀਤਾ। ਇਸ ਨੇ ਸਿੱਖੀ ਨੂੰ ਇੱਕ ਐਸੀ ਲਿਖਤੀ ਨੀਂਹ ਦਿੱਤੀ, ਜਿਸ ਉੱਤੇ ਅੱਗੇ ਦੀ ਰੂਹਾਨੀ ਪਰੰਪਰਾ ਖੜ੍ਹੀ ਹੋਈ।

ਬਾਣੀ ਸਿੱਖੀ ਵਿੱਚ ਸਿਰਫ਼ ਪਾਠ ਨਹੀਂ, ਜੀਵਨ ਦੀ ਰਾਹਦਾਰੀ ਹੈ। ਗੁਰੂ ਸਾਹਿਬ ਨੇ ਇਹ ਗੱਲ ਕਾਗਜ਼ ਤੇ ਨਹੀਂ, ਸੰਗਤ ਦੇ ਅਭਿਆਸ ਵਿੱਚ ਉਤਾਰੀ।

ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਦੀ ਰੂਹਾਨੀ ਤਾਮੀਰ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੀ ਤਰੱਕੀ ਨੂੰ ਨਵਾਂ ਰੂਪ ਦਿੱਤਾ। ਹਰਿਮੰਦਰ ਸਾਹਿਬ ਦੇ ਨਿਰਮਾਣ ਨਾਲ ਸ਼ਹਿਰ ਸਿਰਫ਼ ਕੇਂਦਰ ਨਹੀਂ ਰਿਹਾ, ਉਹ ਸੰਗਤ ਦੀ ਧੜਕਣ ਬਣ ਗਿਆ। ਚਾਰ ਦਰਵਾਜ਼ੇ ਖੁਲ੍ਹੇਪਣ ਦਾ ਸੰਦੇਸ਼ ਦਿੰਦੇ ਹਨ। ਇਹ ਥਾਂ ਹਰ ਵਰਗ, ਹਰ ਦਿਸ਼ਾ ਅਤੇ ਹਰ ਮਨੁੱਖ ਲਈ ਖੁੱਲ੍ਹੀ ਹੈ।

ਇਥੇ ਪਵਿੱਤਰਤਾ ਦਾ ਅਰਥ ਬੰਦ ਕਿਲ੍ਹਾ ਨਹੀਂ, ਸਾਂਝੀ ਹਾਜ਼ਰੀ ਹੈ। ਇਹੀ ਕਾਰਨ ਹੈ ਕਿ ਹਰਿਮੰਦਰ ਸਾਹਿਬ ਸਿੱਖੀ ਵਿੱਚ ਬਰਾਬਰੀ ਦਾ ਸਭ ਤੋਂ ਸਪਸ਼ਟ ਚਿੰਨ੍ਹ ਮੰਨਿਆ ਜਾਂਦਾ ਹੈ।

ਪਰ ਸਮੇਂ ਦੇ ਨਾਲ ਜਹਾਂਗੀਰ ਦੇ ਰਾਜ ਨਾਲ ਮਾਹੌਲ ਬਦਲਿਆ। ਗੁਰੂ ਅਰਜਨ ਦੇਵ ਜੀ ਦੀ ਵਧਦੀ ਸਾਖ, ਪੰਥ ਦੀ ਮਜ਼ਬੂਤੀ ਅਤੇ ਕੁਝ ਰਾਜਨੀਤਿਕ ਸ਼ੱਕਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ। ਲਾਹੌਰ ਵਿੱਚ ਗ੍ਰਿਫ਼ਤਾਰੀ ਹੋਈ, ਧਰਮ ਬਦਲਣ ਦੀ ਮੰਗ ਰੱਖੀ ਗਈ ਅਤੇ ਤਸ਼ੱਦਦ ਨਾਲ ਉਨ੍ਹਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਪਰ 1606 ਵਿੱਚ ਉਹ ਅਡੋਲ ਰਹੇ।

ਇਹ ਸ਼ਹੀਦੀ ਸਿਰਫ਼ ਇੱਕ ਮਨੁੱਖ ਦੀ ਮੌਤ ਨਹੀਂ ਸੀ। ਇਸ ਨੇ ਪੰਥ ਨੂੰ ਇਹ ਸੀਖ ਦਿੱਤੀ ਕਿ ਸੱਚ ਦੀ ਕੀਮਤ ਹੁੰਦੀ ਹੈ, ਅਤੇ ਅਨਿਆਂ ਦੇ ਸਾਹਮਣੇ ਚੁੱਪ ਰਹਿਣਾ ਧਰਮ ਨਹੀਂ।

"ਤੇਰਾ ਕੀਆ ਮੀਠਾ ਲਾਗੈ" ਦਾ ਆਤਮਿਕ ਅਰਥ

ਇਹ ਸਿਰਫ਼ ਇੱਕ ਸ਼ਬਦ ਨਹੀਂ, ਇੱਕ ਮਨ ਦੀ ਅਵਸਥਾ ਹੈ। ਇਸ ਵਿੱਚ ਦੁੱਖ ਨੂੰ ਵੀ ਇਬਾਦਤ ਵਾਂਗ ਸਵੀਕਾਰ ਕਰਨ ਦੀ ਤਾਕਤ ਹੈ। ਗੁਰੂ ਜੀ ਦਾ ਮਨ ਤਕਲੀਫ਼ ਵਿੱਚ ਵੀ ਸ਼ਿਕਾਇਤ ਨਹੀਂ ਕਰਦਾ, ਉਹ ਅਰਦਾਸ ਵਿੱਚ ਰਹਿੰਦਾ ਹੈ।ਇਸ ਵਾਕ ਵਿੱਚ ਸਹਿਣਸ਼ੀਲਤਾ, ਭਰੋਸਾ ਅਤੇ ਭਗਤੀ ਇਕੱਠੇ ਚਲਦੇ ਹਨ। ਜਿੱਥੇ ਸਰੀਰ ਨੂੰ ਪੀੜ੍ਹਾ ਮਿਲਦੀਆਂ ਹਨ, ਉੱਥੇ ਵੀ ਆਤਮਾ ਦੀ ਨਰਮੀ ਟੁੱਟਦੀ ਨਹੀਂ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਪਛਾਣ ਨੂੰ ਹੋਰ ਸਪਸ਼ਟ ਕੀਤਾ। ਪੰਥ ਨੇ ਸਮਝਿਆ ਕਿ ਰੂਹਾਨੀ ਜੀਵਨ ਅਤੇ ਨਿਆਂ ਦੀ ਰੱਖਿਆ ਇੱਕ ਦੂਜੇ ਤੋਂ ਵੱਖ ਨਹੀਂ। ਇਸ ਘਟਨਾ ਤੋਂ ਬਾਅਦ ਸਿੱਖ ਚੇਤਨਾ ਵਿੱਚ ਅਤਿਆਚਾਰ ਦੇ ਖ਼ਿਲਾਫ਼ ਖੜ੍ਹੇ ਹੋਣ ਦੀ ਸੋਚ ਹੋਰ ਮਜ਼ਬੂਤ ਹੋਈ।

ਲਾਹੌਰ ਦਾ ਗੁਰਦੁਆਰਾ ਡੇਰਾ ਸਾਹਿਬ ਉਹ ਥਾਂ ਹੈ ਜਿੱਥੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਯਾਦ ਕੀਤੀ ਜਾਂਦੀ ਹੈ। ਇੱਥੇ ਪਹੁੰਚਣ ਵਾਲੀ ਸੰਗਤ ਲਈ ਇਹ ਸਿਰਫ਼ ਇੱਕ ਇਮਾਰਤ ਨਹੀਂ, ਸਾਂਝੀ ਵਿਰਾਸਤ ਦਾ ਕੇਂਦਰ ਹੈ। ਸਰਹੱਦ ਪਾਰ ਯਾਤਰਾ ਹੋਵੇ ਜਾਂ ਅੰਤਰਰਾਸ਼ਟਰੀ ਅਰਦਾਸ, ਹਰ ਹਾਜ਼ਰੀ ਇਸ ਯਾਦ ਨੂੰ ਹੋਰ ਵੱਡਾ ਕਰ ਦਿੰਦੀ ਹੈ।

ਇਹ ਥਾਂ ਦੱਸਦੀ ਹੈ ਕਿ ਇਤਿਹਾਸ ਸਰਹੱਦਾਂ ਤੋਂ ਛੋਟਾ ਨਹੀਂ ਹੁੰਦਾ। ਸੰਗਤ ਲਈ ਇਹ ਅਰਦਾਸ ਦਾ ਉਹ ਬਿੰਦੂ ਹੈ ਜਿੱਥੇ ਦਰਦ ਅਤੇ ਸ਼ਾਂਤੀ ਇਕੱਠੇ ਖੜ੍ਹੇ ਰਹਿੰਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਕ ਇਤਿਹਾਸਕ ਘਟਨਾ ਤੋਂ ਕਿਤੇ ਵੱਧ ਹੈ। ਇਹ ਸੱਚ, ਸਹਿਣਸ਼ੀਲਤਾ ਅਤੇ ਨਿਸ਼ਕਾਮ ਸੇਵਾ ਦੀ ਜੀਉਂਦੀ ਯਾਦ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਅਰਜਨ ਦੇਵ ਜੀ ਨੇ ਤਾਨਾਸ਼ਾਹ ਮੁਗਲ ਬਾਦਸ਼ਾਹ ਦੀ ਤਾਕਤ ਦਾ ਡਟ ਕੇ ਸਾਹਮਣਾ ਕੀਤਾ ਅਤੇ ਬਹਾਦਰੀ, ਹੌਸਲੇ ਦੀ ਇਕ ਉੱਚੀ ਮਿਸਾਲ ਪੇਸ਼ ਕੀਤੀ। ਇਸ ਨਾਲ ਉਨ੍ਹਾਂ ਨੇ ਉਹ ਬੀਜ ਬੀਜਿਆ, ਜਿਸ ਨੇ ਸਿੱਖ ਇਤਿਹਾਸ ਨੂੰ ਇਕ ਨਵਾ ਮੋੜ ਦਿੱਤਾ। ਉਨ੍ਹਾਂ ਦੀ ਅਦੁੱਤੀ ਕੁਰਬਾਨੀ ਸੰਸਾਰ ਦੇ ਇਤਿਹ-ਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖੀ ਗਈ, ਜੋ ਅੱਜ ਤੱਕ ਸਿੱਖ ਜਗਤ ਵਿਚ ਯਾਦ ਹੀ ਨਹੀਂ ਬੱਲਕੇ ਉਹਨਾਂ ਦੀ ਕੁਰਬਾਨੀ ਨੂੰ ਸਾਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ।ਲੋੜ ਇਹ ਹੈ ਕਿ ਅਸੀਂ ਉਨ੍ਹਾਂ ਦੀ ਬਾਣੀ ਪੜ੍ਹੀਏ, ਉਸ ਬਾਰੇ ਵਿਚਾਰ ਕਰੀਏ ਅਤੇ ਆਪਣੇ ਜੀਵਨ ਵਿੱਚ ਉਸ ਅਨੁਸਾਰ ਚੱਲੀਏ। ਕਈ ਪਾਠਕ ਕਹਿ ਸਕਦੇ ਹਨ ਕਿ ਕਹਿਣਾ ਤੇ ਲਿਖਣਾ ਸੌਖਾ ਹੈ, ਪਰ ਕਰਨਾ ਔਖਾ ਹੈ। ਉਨ੍ਹਾਂ ਲਈ ਬੇਨਤੀ ਹੈ ਕਿ ਇਕ ਵਾਰ ਪੂਰਾ ਯਤਨ ਕਰਨ, ਸ਼ਬਦ ਜਾਂ ਪਾਠ ਸੁਣ ਕੇ ਉਸ 'ਤੇ ਸੋਚ-ਵਿਚਾਰ ਕਰਨ।2026 ਦਾ ਸ਼ਹੀਦੀ ਦਿਹਾੜਾ ਇਤਿਹਾਸ, ਰਿਵਾਇਤ ਅਤੇ ਆਧੁਨਿਕ ਸੰਗਤ ਨੂੰ ਇਕੋ ਧਾਗੇ ਵਿੱਚ ਜੋੜਦਾ ਹੈ। 18 ਜੂਨ ਦੀ ਇਹ ਯਾਦ ਦੱਸਦੀ ਹੈ ਕਿ ਬਾਣੀ, ਬਰਦਾਸ਼ਤ ਅਤੇ ਬਲੀਦਾਨ ਸਿੱਖੀ ਵਿੱਚ ਅਜੇ ਵੀ ਇਕੱਠੇ ਸਾਹ ਲੈਂਦੇ ਹਨ।



**ਸੁਰਜੀਤ ਸਿੰਘ ਫਲੋਰਾ**
**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**

# (ਸਿਆਸਤ ਹੁੰਦੀ ਮਾਮਲਾ ਕੁਰਸੀ ਦਾ)

ਗਧੇ ਨੂੰ ਵੀ ਬਾਪ ਬਣਾ ਲੈਂਦੇ, ਛੱਡਦੇ ਨਾ ਖਹਿੜਾ ਕੁਰਸੀ ਦਾ। ਆਪਣਾ ਸਭ ਕੁਝ ਦਾਅ ਤੇ ਲਾ ਦਿੰਦੇ, ਸਿਆਸੀ ਮਾਮਲਾ ਕੁਰਸੀ ਦਾ। ਜਿਵੇਂ ਤੁਸੀਂ ਕਹੋਗੇ ਉਵੇਂ ਹੋ ਜਾਵੇਗਾ, ਪਰਨਾਲਾ ਰਹਿਣਾ ਉੱਥੇ ਦਾ ਉੱਥੇ। ਸ਼ਾਂਤੀ ਵਿੱਚ ਪਾਉਣਾ ਫਤੂਰ, ਹੁੰਦਾ ਕੰਮ ਸਾਡਾ,ਚਲਦਾ ਰਹਿਣਾ ਸੰਸਾਰ ਜਿਥੇ। ਕੁਰਸੀ ਕਾਇਮ ਰਹਿਣੀ ਚਾਹੀਦੀ, ਭਾਵੇਂ ਆਪਣੇ ਨਾਰਾਜ਼ ਹੋ ਜਾਵਣ। ਸਮਾਂ ਟਪਾਓ, ਭਾਵੇਂ ਫੁੱਲ ਬਰਬਾਦ ਹੋ ਜਾਵਣ। ਸਾਰਿਆਂ ਨੂੰ ਤਾਂ ਖੁਸ਼ ਕੀਤਾ ਨਹੀਂ ਜਾ ਸਕਦਾ, ਮੌਕੇ ਉੱਤੇ



ਭਾਵੇਂ, ਦੋ-ਚਾਰ ਹੋ ਜਾਵਣ। ਸਾਫ ਸਿਆਸਤਦਾਨ। ਚੰਗੀਆਂ
ਸੁਥਰੀ ਛਵੀ ਵਾਲੇ ਸ਼ਖਸ਼ੀਅਤਾਂ ਦੇ ਹੁੰਦੇ ਕਦਰਦਾਨ।

ਆਪਣਾ ਆਧਾਰ ਬਣਾਉਂਦੇ ਚੰਗੇ ਕੰਮ ਕਰਕੇ। ਖੁਸ਼ਾਮਦੀ ਲੋਕਾਂ ਨੂੰ ਨੇੜੇ ਨਾ ਲੱਗਣ ਦਿੰਦੇ, ਦੂਰ ਅੰਦੇਸ਼ੀ ਵਾਲੇ ਕੰਮ ਕਰਦੇ। ਆਰਜ਼ੀ ਤੌਰ ਉੱਤੇ ਵੀ ਭਾਵੇਂ, ਜਨਤਾ ਟਪਲਾ ਖਾ ਜਾਂਦੀ। ਪਰ ਨੇਕ ਸਿਆਸਤਦਾਨਾਂ ਨੂੰ ਕਦੇ ਵੀ ਨਾ ਭੁਲਾ ਪਾਉਂਦੀ। ਇਹ ਤਾਂ ਪਬਲਿਕ ਨੂੰ ਵੀ ਚਾਹੀਦਾ, ਸਹੀ ਕੰਮ ਕਰਾਉਣ ਤੇ ਜ਼ੋਰ ਪਾਵੇ। ਗਲਤ ਕੰਮ ਕਰਾਉਣ ਲਈ, ਆਪਣੇ ਆਗੂ ਦੀ ਜ਼ਮੀਰ ਤੇ ਨਾ ਭਾਰ ਪਾਵੇ।

ਆਪਸੀ ਕਿੜਾਂ ਕੱਢਣ ਵਾਲੀ ਸਿਆਸਤ ਨਹੀਂ ਹੋਣੀ ਚਾਹੀਦੀ। ਦੁਨੀਆਂ ਦੀਆਂ, ਅੱਖਾਂ ਵਿੱਚ ਰੜਕਣ ਵਾਲੀ, ਰਿਆਸਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕੋਲੋਂ ਕੰਮ ਉਹ ਕਰਵਾਓ, ਜਿਸ ਦੇ ਵਿੱਚ ਹੋਵੇ, ਸਰਬੱਤ ਦਾ ਭਲਾ। ਤਰੱਕੀਆਂ ਸਭ ਦੀਆਂ ਹੋਵਣ, ਕੁਦਰਤ ਵਰਤਾਵੇ ਐਸੀ ਕਲਾ। ਜਦੋਂ ਕਿਸੇ ਲਿਖਾਰੀ ਦਾ ਕੰਮ ਬੋਲਣਾ ਸ਼ੁਰੂ ਹੋ ਜਾਵੇ, ਤਾਂ ਉਸ ਨੂੰ ਚੁੱਪ ਹੋ ਜਾਣਾ ਚਾਹੀਦਾ। ਸਿਆਸਤੀ ਬੰਦਿਆਂ ਨੂੰ ਵੀ, ਜਦੋਂ ਉਨ੍ਹਾਂ ਦੇ ਕੰਮ ਬੋਲਣੇ ਸ਼ੁਰੂ ਹੋ ਜਾਣ, ਸ਼ਾਂਤ ਹੋ ਕੇ ਨਜ਼ਾਰਾ ਦੇਖਣਾ ਚਾਹੀਦਾ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ**
**ਪਟਿਆਲਾ ਹਾਲ-ਆਬਾਦ**
**#639/40ਏ, ਚੰਡੀਗੜ੍ਹ ਫੋਨ**
**ਨੰਬਰ : 9878469639**

# ਸ਼ਹੀਦੀ ਪੁਰਬ ’ਤੇ ਗੁਰੂ ਸਾਹਿਬ ਸੰਬੰਧੀ ਸਾਹਿਤ ਵੰਡਣਾ ਵੀ ਜ਼ਰੂਰੀ

**18 ਜੂਨ ਨੂੰ ਸ਼ਹੀਦੀ ਪੁਰਬ ’ਤੇ ਵਿਸ਼ੇਸ਼**

ਛਬੀਲ ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਪਉ, ਜਲ ਪੀਣ ਦਾ ਅਸਥਾਨ, ਖ਼ਾਸ ਕਰਕੇ ਉਹ ਪਉ, ਜੋ ਮੁਹੱਰਮ ਦੇ ਪਹਿਲੇ ਦਸ ਦਿਨਾਂ ਵਿੱਚ ਪਿਆਸਿਆਂ ਲਈ ਲਾਇਆ ਜਾਵੇ।

ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹਿੰਦੂ-ਸਿੱਖਾਂ-ਮੁਸਲਮਾਨਾਂ ਵੱਲੋਂ ਸਾਂਝੇ ਤੌਰ ’ਤੇ ਹਰ ਸਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹਰ ਸਾਲ ਮਈ-ਜੂਨ ਮਹੀਨੇ ’ਚ ਆਉਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ‘ਨਾਨਕਸ਼ਾਹੀ ਕੈਲੰਡਰ’ ਅਨੁਸਾਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ 420ਵਾਂ ਸ਼ਹੀਦੀ ਗੁਰਪੁਰਬ 18 ਜੂਨ ਨੂੰ ਸਮੁੱਚੇ ਸੰਸਾਰ ਭਰ ਵਿੱਚ ਮਨਾਇਆ ਜਾ ਰਿਹਾ ਹੈ। ਛਬੀਲ ਬਾਰੇ ਗੱਲ ਕਰਨ ਤੋਂ ਪਹਿਲਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੇ ਸੰਖੇਪ ਵਿੱਚ ਝਾਤ ਪਾਉਣਾ ਜ਼ਰੂਰੀ ਸਮਝਦਾ ਹਾਂ।

ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਮਾਤਾ ਭਾਨੀ ਜੀ ਦੀ ਕੁੱਖ ਤੋਂ ਪਿਤਾ ਸ਼੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਗੋਇੰਦਵਾਲ ਸਾਹਿਬ ਵਿਖੇ 15 ਅਪ੍ਰੈਲ 1563 ਈ: ਵੈਸਾਖ ਵਦੀ 7 ਸੰਮਤ 1620 ਬਿਕਰਮੀ ਨੂੰ ਹੋਇਆ। ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ 1 ਸਤੰਬਰ 1581 ਈ: ਨੂੰ ਗੁਰਗੱਦੀ ’ਤੇ ਬਿਰਾਜੇ। ਗੁਰੂ ਜੀ ਨੇ ਤਰਨ-ਤਾਰਨ, ਕਰਤਾਰਪੁਰ ਸੋਢੀਆਂ, ਛੇਹਰਟਾ, ਸ਼੍ਰੀ ਗੋਬਿੰਦਪੁਰ ਬਿਆਸ ਕੰਢੇ ਪਵਿੱਤਰ ਨਗਰ ਵਸਾਏ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦਾ ਨਿਰਮਾਣ, ਜਿਸ ਦੀ ਨੀਂਹ ਮੁਸਲਮਾਨ ਦਰਵੇਸ਼ ਸਾਈਂ ਮੀਆਂ ਮੀਰ ਤੋਂ ਰਖਵਾਈ। ਗੁਰੂ ਜੀ ਨੇ ਆਦਿ ਗ੍ਰੰਥ ਦਾ ਸੰਪਾਦਨ ਕੀਤਾ, ਜਿਸ ਵਿੱਚ 6 ਗੁਰੂ ਸਾਹਿਬਾਨ, 15 ਭਗਤ, 4 ਗੁਰਸਿੱਖ ਤੇ 11 ਭੱਟਾਂ ਸਮੇਤ 36 ਮਹਾਂਪੁਰਸ਼ਾਂ ਦੀ ਪਵਿੱਤਰ ਬਾਣੀ ਦਰਜ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ 2218 ਅਨਮੋਲ ਸ਼ਬਦ ਰਚੇ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਮੁਗ਼ਲ ਸਮਰਾਟ ਜਹਾਂਗੀਰ ਦੇ ਹੁਕਮ ਤੇ ਗ੍ਰਿਫ਼ਤਾਰ ਕਰਕੇ ਲਾਹੌਰ ਵਿੱਚ ਅੰਤਾਂ ਦੇ ਤਸੀਹੇ ਦਿੱਤੇ ਗਏ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ’ਤੇ ਬਿਠਾਇਆ ਗਿਆ, ਸਰੀਰ ਤੇ ਤੱਤੀ ਰੇਤ ਪਾਈ ਗਈ। ਸਾਰਾ ਸਰੀਰ ਛਾਲਿਆਂ ਨਾਲ ਭਰ ਗਿਆ ਪਰ ਉਹਨਾਂ ਪ੍ਰਭੂ ਦਾ ਹੁਕਮ ਮੰਨ ਕੇ ਸਵੀਕਾਰ ਕਰ ਲਿਆ ਤੇ ਆਪਣੇ ਮੁੱਖ ਤੋਂ ‘ਤੇਰਾ ਕੀਆ ਮੀਠਾ ਲਾਗੈ॥’ ਉਚਾਰਦੇ ਹੋਏ 30 ਮਈ 1606 ਈ: ਨੂੰ ਰਾਵੀ ਦਰਿਆ ਦੇ ਕਿਨਾਰੇ ਲਾਹੌਰ ਵਿਖੇ ਸ਼ਹੀਦੀ ਪਾ (ਜੋਤੀ-ਜੋਤਿ ਸਮਾ) ਗਏ।

ਸ਼ਹੀਦੀ ਗੁਰਪੁਰਬ ਮਨਾਉਣ ਤੋਂ ਕਈ ਦਿਨ ਪਹਿਲਾਂ (ਮਹੀਨਾ-ਡੇਢ ਮਹੀਨਾ) ਗੁਰਦੁਆਰਿਆਂ ਵਿੱਚ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸ਼੍ਰੀ ਗੁਰੂ ਅਮਰਦਾਸ ਇਸਤਰੀ ਸਤਿਸੰਗ ਸਭਾ, ਗੁਰੂ ਅਰਜਨ ਸੇਵਾ ਸੁਸਾਇਟੀ, ਭਾਈ ਕਨੱਈਆ ਸੇਵਾ ਦਲ ਤੇ ਹੋਰ ਕਈ ਸੇਵਾ, ਸਭਾ ਸੁਸਾਇਟੀਆਂ ਦੇ ਬੀਬੀਆਂ ਦੇ ਜਥੇ ਵੱਲੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਬਾਣੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਕੀਰਤਨ ਹੁੰਦਾ ਹੈ ਤੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਜਾਂਦੀ ਹੈ।

ਗੁਰਪੁਰਬ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਅਖੰਡ-ਪਾਠ ਆਰੰਭ ਕੀਤੇ ਜਾਂਦੇ ਹਨ ਪਰ ਉਸ ਪਾਠ ਨੂੰ ਸੁਣਨ ਲਈ ਸੇਵਾਦ-ਾਰ ਦੀ ਜਾਂ ਸੰਗਤ ਦੀ ਵਾਰ-ਵਾਰ ਡਿਊਟੀ ਲਾਈ ਜਾਵੇ। ਪਾਠੀ, ਪਾਠ ਕਰ ਰਿਹਾ ਹੁੰਦਾ ਹੈ, ਉਸ ਪਾਠ ਨੂੰ ਸੁਣਨ ਲਈ ਨਾ ਕੋਈ ਸੇਵਾਦਾਰ ਹੈ ਨਾ ਸੰਗਤ। ਫਿਰ ਉਸ ਪਾਠ ਦਾ ਫਲ ਕਿਸ ਨੂੰ ਪ੍ਰਾਪਤ ਹੋਇਆ ਜਾਂ ਕਿਸ ਆਸ਼ੇ ਲਈ ਰੱਖਿਆ ਗਿਆ। ਅਖੰਡ-ਪਾਠ ਸਾਹਿਬ ਦਾ ਭੋਗ ਪਾਇਆ ਜਾਂਦਾ ਹੈ, ਉਪਰੰਤ ਵਿਸ਼ੇਸ਼ ਦੀਵਾਨ ਵਿੱਚ ਰਾਗੀ, ਢਾਡੀ, ਪ੍ਰਚਾਰਕ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ ਤੇ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਕਈ ਸੇਵਾ-ਭਾਵੀ ਸਭਾ-ਸੁਸਾਇਟੀਆਂ, ਸਮਾਜ ਸੇਵੀ ਸੰਸਥਾਵਾਂ, ਬੱਚੇ, ਨੌਜਵਾਨ ਗਲੀ-ਮੁਹੱਲੇ ਤੇ ਬਜ਼ਾਰਾਂ ਦੀਆਂ ਦੁਕਾਨਾਂ ਤੋਂ ਛਬੀਲ ਲਈ ਮਾਇਆ ਇਕੱਠੀ ਕਰਕੇ ਠੰਡੇ-ਮਿੱਠੇ ਜਲ ਛਕਾਉਣ ਦੀ ਸੇਵਾ ਕਰਦੇ ਹਨ। ਕਈ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵੱਲੋਂ ਵੀ ਇਸ ਮੌਕੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਜਾਂਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਬੱਚੇ, ਨੌਜਵਾਨ, ਕਰਮਚਾਰੀ, ਛਬੀਲ ਲਈ ਮਾਇਆ ਇਕੱਠੀ ਕਰਦੇ ਹਨ ਤਾਂ ਇਹ ਹੀ ਕਹਿੰਦੇ ਹਨ ਕਿ ਆਪਣੀ ਸ਼ਰਧਾ ਅਨੁਸਾਰ ਛਬੀਲ ਦੀ ਸੇਵਾ ਵਿੱਚ ਹਿੱਸਾ ਪਾਉ, ਕੋਈ ਬੰਦਸ਼ ਨਹੀਂ ਹੈ। ਜਿਤਨੀ ਯਥਾ ਸ਼ਕਤ ਸ਼ਰਧਾ ਹੋਵੇ, ਸੇਵਾ ਵਿੱਚ ਹਿੱਸਾ ਪਾ ਸਕਦੇ ਹੋ, ਪਰ ਜੇਕਰ ਕੋਈ ਵਿਅਕਤੀ 11, 21, 31 ਰੁਪਏ ਜਾਂ 1 ਕਿੱਲੋ, 2 ਕਿੱਲੋ ਖੰਡ ਜਾਂ ਅੱਧਾ ਕਿੱਲੋ, ਇੱਕ ਕਿੱਲੋ ਦੁੱਧ ਦੇਣ ਦੀ ਸੇਵਾ ਕਰਦਾ ਹੈ ਤਾਂ ਉਹ ਪ੍ਰਵਾਨ ਨਹੀਂ ਕਰਦੇ। ਛਬੀਲ



ਦੀ ਸੇਵਾ ਲਈ ਮਾਇਆ ਇਕੱਠੀ ਕਰਨ ਨੂੰ ਹੀ ਪਹਿਲ ਦਿੰਦੇ ਹਨ। 100, 151, 251, 500 ਜਾਂ 1100 ਤੋਂ ਘੱਟ ਰੁਪਏ ਦੀ ਪਰਚੀ ਹੀ ਨਹੀਂ ਕੱਟਦੇ ਜਾਂ ਫਿਰ 5 ਕਿੱਲੋ, 10 ਕਿੱਲੋ ਖੰਡ ਜਾਂ 5 ਕਿੱਲੋ, 10 ਕਿੱਲੋ ਦੁੱਧ ਦੀ ਸੇਵਾ, ਜਾਂ ਫਿਰ ਰੂਹ ਅਫਜ਼ਾ ਦੀਆਂ ਬੋਤਲਾਂ ਦੀ ਸੇਵਾ ਲੈਂਦੇ ਹਨ। ਜਿੰਨੀ ਵੀ ਕਿਸੇ ਦੀ ਸ਼ਰਧਾ ਹੋਵੇ, ਉਹ ਲੈ ਲੈਣੀ ਚਾਹੀਦੀ ਹੈ, ਕਿਸੇ ਨਾਲ ਜ਼ਬਰਦਸਤੀ ਨਹੀਂ ਕਰਨੀ ਚਾਹੀਦੀ। ਛਬੀਲ, ਲੰਗਰ ਲਈ ਪਰਚੀ ਵਿਅਕਤੀ ਤੋਂ ਪੁੱਛ ਕੇ ਕੱਟਣੀ ਚਾਹੀਦੀ ਹੈ।

ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਹਰ ਇਤਿਹਾਸਕ ਗੁਰਦੁਆਰੇ ਤੇ ਸਭਾ-ਸੁਸਾਇਟੀਆਂ ਵੱਲੋਂ, ਸਿੰਘ ਸਭਾ ਗੁਰਦੁਆਰਿਆਂ, ਮੁਹੱਲਿਆਂ, ਬਜ਼ਾਰਾਂ, ਬੱਸ-ਅੱਡਿਆਂ, ਰੇਲਵੇ ਸਟੇਸ਼ਨਾਂ ਤੇ ਸਮੂਹ ਸੰਗਤਾਂ ਵੱਲੋਂ ਲਗਾਈਆਂ ਜਾਂਦੀਆਂ ਹਨ। ਇਹ ਛਬੀਲਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ ਜਾਂ ਗੁਰਪੁਰਬ ਤੋਂ ਦੋ-ਚਾਰ ਦਿਨ ਅੱਗੇ-ਪਿੱਛੇ ਹੀ ਕਿਉਂ ਲਾਈਆਂ ਜਾਂਦੀਆਂ ਹਨ ? ਕੀ ਇਸ ਦਿਨ ਗਰਮੀ ਜ਼ਿਆਦਾ ਹੁੰਦੀ ਹੈ। ਅੱਗੇ-ਪਿੱਛੇ ਛਬੀਲਾਂ ਕਿਉਂ ਨਹੀਂ ਲਗਾਈਆਂ ਜਾਂਦੀਆਂ। ਮਾਰਚ ਮਹੀਨੇ ਤੋਂ ਲੈ ਕੇ ਜੁਲਾਈ-ਅਗਸਤ ਮਹੀਨੇ ਤੱਕ ਬਹੁਤ ਗਰਮੀ ਹੁੰਦੀ ਹੈ, ਪਰ ਗੁਰਪੁਰਬ ਤੋਂ ਬਾਅਦ ਤਾਂ ਸਿਰਫ ਸਾਦੇ ਠੰਡੇ ਪਾਣੀ ਦੀ ਹੀ ਛਬੀਲ ਲਗਾਈ ਜਾਂਦੀ ਹੈ। ਸ਼ਹੀਦੀ ਗੁਰਪੁਰਬ ਤੇ ਰੂਹ ਅਫਜ਼ਾ ਦਾ ਸ਼ਰਬਤ, ਕੱਚੀ ਲੱਸੀ, ਰੂਹ ਅਫਜ਼ਾ ਦੁੱਧ ’ਚ ਮਿਲਾ ਕੇ ਪਿਲਾਇਆ ਜਾਂਦਾ ਹੈ। ਕੜੀ-ਪਕੌੜੇ-ਚਾਵਲ, ਪੂਰੀ-ਛੋਲੇ, ਪ੍ਰਸ਼ਾਦ, ਛੋਲੇ-ਕੁਲਚੇ ਤੇ ਹੋਰ ਕਈ ਤਰ੍ਹਾਂ ਦੀਆਂ ਮਠਿਆਈਆਂ ਦੇ ਲੰਗਰ ਵੀ ਲਾਏ ਜਾਂਦੇ ਹਨ।

1986 ਵਿੱਚ ਕੇਵਲ ਦਿੱਲੀ ਸ਼ਹਿਰ ਵਿੱਚ ਹੀ 1300 ਤੋਂ ਵੱਧ ਥਾਵਾਂ ਤੇ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਗਈਆਂ ਜਿਨ੍ਹਾਂ ਵਿੱਚ ਦੁੱਧ, ਖੰਡ, ਬਰਫ਼, ਸ਼ਾਮਿਆਨੇ ਦਾ ਖ਼ਰਚ 25 ਲੱਖ ਰੁਪਏ ਤੋਂ ਵੱਧ ਹੋਇਆ ਸੀ। ਇਹ ਖ਼ਰਚ ਤਾਂ ਕੇਵਲ ਇੱਕ ਸ਼ਹਿਰ ਦਾ ਹੈ। ਹਰ ਛੋਟੇ-ਵੱਡੇ ਸ਼ਹਿਰ ਵਿੱਚ ਹਰ ਸਾਲ ਇਸ ਤਰ੍ਹਾਂ ਲੱਖਾਂ-ਕਰੋੜਾਂ ਰੁਪਏ ਖ਼ਰਚ ਹੁੰਦੇ ਹਨ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਹੋਇਆਂ 420 ਸਾਲ ਹੋ ਚੁੱਕੇ ਹਨ ਪਰ ਸਾਡੇ ਵਿੱਚੋਂ ਅੱਧ ਨਾਲੋਂ ਵੱਧ ਸਿੱਖ ਅਖਵਾਉਣ ਵਾਲਿਆਂ ਨੂੰ ਗੁਰੂ ਮਹਾਰਾਜ ਜੀ ਦੇ ਉਪਕਾਰਾਂ ਅਤੇ ਸ਼ਹੀਦੀ ਦੇ ਕਾਰਨਾਂ ਦਾ ਠੀਕ ਪਤਾ ਨਹੀਂ ਜਦਕਿ ਅਸੀਂ ਹਰ ਸਾਲ ਗੁਰਪੁਰਬ ਮਨਾਉਂਦੇ, ਲੰਗਰ ਛਕਾਉਂਦੇ ਹਾਂ, ਛਬੀਲ ਲਾਉਂਦੇ ਹਾਂ। ਚਾਹੀਦਾ ਤਾਂ ਇਹ ਹੈ ਕਿ ਹਰ ਸਾਲ ਠੰਡੇ-ਮਿੱਠੇ ਜਲ ਦੀ ਛਬੀਲ ਉੱਤੇ ਖ਼ਰਚ ਕੀਤੇ ਜਾਣ ਵਾਲੇ ਲੱਖਾਂ, ਕਰੋੜਾਂ ਰੁਪਇਆਂ ਵਿੱਚੋਂ ਜੇ ਅੱਧੇ ਪੈਸਿਆਂ ਦਾ ਧਾਰਮਿਕ ਲਿਟਰੇਚਰ ਜਾਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਦਾ ਕੋਈ ਇੱਕ ਉਪਦੇਸ਼ ਜਾਂ ਉਹਨਾਂ ਦੀ ਸ਼ਹੀਦੀ ਬਾਰੇ ਵਾਰਤਾ ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਬੋਲੀ ਵਿੱਚ ਛਾਪ ਕੇ ਵੰਡਿਆ ਜਾਵੇ। ਪਰ ਇਸ ਤਰ੍ਹਾਂ ਕੋਈ ਨਹੀਂ ਕਰਦਾ।

ਛਬੀਲ ਲਾਉਣ ਦਾ ਆਰੰਭ ਕਿਵੇਂ, ਕਦੋਂ ਅਤੇ ਕਿਸ ਆਸ਼ੇ ਨੂੰ ਮੁੱਖ ਰੱਖ ਕੇ ਹੋਇਆ, ਇਸ ਬਾਰੇ ਇਤਿਹਾਸ ਵਿੱਚ ਕਿਤੇ ਜ਼ਿਕਰ ਨਹੀਂ ਮਿਲਦਾ। ਡਾ: ਮਹੀਪ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ’ਤੇ ਠੰਡੀ-ਮਿੱਠੀ ਲੱਸੀ ਵਰਤਾਉਣ ਦੀ ਰਵਾਇਤ ਕਦੋਂ ਸ਼ੁਰੂ ਹੋਈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਜਿਨ੍ਹਾਂ ਨੇ ਵੀ ਇਹ ਰਵਾਇਤ ਸ਼ੁਰੂ ਕੀਤੀ, ਉਹਨਾਂ ਅੰਦਰ ‘ਤੇਰਾ ਕੀਆ ਮੀਠਾ ਲਾਗੈ॥’ ਦਾ ਭਾਵ ਜ਼ਰੂਰ ਅੰਦਰ ਤੱਕ ਵਸਿਆ ਹੋਵ-ੇਗਾ। ਕਿੰਨੇ ਵੀ ਕਸ਼ਟ ਹੋਣ, ਕਿੰਨੇ ਵੀ ਜ਼ੁਲਮ ਹੋਣ, ਕਿੰਨੇ ਵੀ ਤਸੀਹੇ ਹੋਣ, ਸਾਰਿਆਂ ਨੂੰ ਅਕਾਲ ਪੁਰਖ ਦਾ ਭਾਣਾ ਮੰਨ ਕੇ ਖਿੜੇ ਮੱਥੇ, ਹੱਸਦੇ-ਹੱਸਦੇ ਸਵੀਕਾਰ ਕਰ ਲੈਣਾ ਸਿੱਖੀ ਦੀ ਆਪਣੀ ਪਰੰਪਰਾ ਹੈ।

ਪੰਥ ਪ੍ਰਸਿੱਧ ਰਾਗੀ ਭਾਈ ਸਰਬਜੀਤ ਸਿੰਘ ਪਟਨਾ ਸਾਹਿਬ ਵਾਲਿਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਜੇਠ ਮਹੀਨੇ ਦੀ ਭਿਆਨਕ ਗਰਮੀ ਵਿੱਚ ਤੱਤੀ ਤਵੀ 'ਤੇ ਬੈਠ ਕੇ ਵੱਖ-ਵੱਖ ਕਿਸਮ ਦੇ ਤਸੀਹੇ ਸਹਾਰਦੇ ਹੋਏ ਸ਼ਾਂਤੀ ਅਤੇ ਸਮਰਪਣ ਨਾਲ ਸ਼ਹਾਦਤ ਦਿੱਤੀ ਸੀ। ਇਹ ਸਿੱਖ ਇਤਿਹਾਸ ਦੀ ਪਹਿਲੀ ਮਹਾਨ ਸ਼ਹਾਦਤ ਮੰਨੀ ਜਾਂਦੀ ਹੈ, ਜਿਸ ਨੇ ਸਿੱਖ ਕੌਮ ਨੂੰ ਜ਼ੁਲਮ ਵਿਰੁੱਧ ਡਟਣ ਅਤੇ ਸੱਚ ਦੇ ਰਾਹ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ । ਇਸੇ ਕਾਰਨ ਸ਼ਹੀਦੀ ਦਿਹਾੜੇ ਮੌਕੇ ਸੰਗਤਾਂ ਵੱਲੋਂ ਛਬੀਲਾਂ ਲਗਾ ਕੇ ਰਾਹਗੀਰਾਂ ਨੂੰ ਠੰਢਾ ਜਲ ਪਿਲਾਇਆ ਜਾਂਦਾ ਹੈ।ਇਹ ਸੇਵਾ ਕੇਵਲ ਪਾਣੀ ਵੰਡਣ ਤੱਕ ਸੀਮਿਤ ਨਹੀਂ, ਸਗੋਂ ਮਨੁੱਖਤਾ ਦੀ ਨਿਸ਼ਕਾਮ ਸੇਵਾ, ਨਿਮਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਮੰਨੀ ਜਾਂਦੀ ਹੈ ਪ੍ਰੰਤੂ ਸਮੇਂ ਦੇ ਨਾਲ ਇਸ ਪਰੰਪਰਾ ਦਾ ਰੂਪ ਕਾਫ਼ੀ ਬਦਲਦਾ ਨਜ਼ਰ ਆ ਰਿਹਾ ਹੈ । ਕਈ ਥਾਵਾਂ 'ਤੇ ਸਾਦਗੀ ਅਤੇ ਸਿਮਰਨ ਦੀ ਥਾਂ ਦਿਖਾਵਾ ਅਤੇ ਆਡੰਬਰ ਵਧਦਾ ਜਾ ਰਿਹਾ ਹੈ। ਉਹਨਾਂ ਕਿਹਾ ਸ਼ਹੀਦੀ ਦਿਹਾੜੇ ਮੌਕੇ ਸਮੋਸੇ, ਫਾਸਟ ਫੂਡ, ਮੈਂਗੋ ਸ਼ੇਕ, ਕੋਲਡ ਡਰਿੰਕ, ਆਈਸਕ੍ਰੀਮ ਅਤੇ ਮਹਿੰਗੇ ਵਿਸ਼ੇਸ਼ ਪਕਵਾਨਾਂ ਦੇ ਲੰਗਰ ਲਗਾਉਣ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ, ਜਦ ਕਿ ਸ਼ਹੀਦੀ ਦਿਹਾੜਾ ਵੈਰਾਗ, ਗੁਰਬਾਣੀ ਕੀਰਤਨ, ਸਿਮਰਨ ਅਤੇ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਯਾਦ ਕਰਨ ਦਾ ਦਿਨ ਹੈ, ਨਾ ਕਿ ਖਾਣ-ਪੀਣ ਦੇ ਜਸ਼ਨ ਮਨਾਉਣ ਦਾ। ਵੱਡੇ ਪੱਧਰ 'ਤੇ ਲੱਗਦੇ ਲੰਗਰਾਂ ਕਾਰਨ ਕਈ ਵਾਰ ਟ੍ਰੈਫਿਕ ਜਾਮ, ਗੰਦਗੀ ਅਤੇ ਪ੍ਰਬੰਧਕੀ ਸਮੱਸਿਆਵਾਂ ਵੀ ਪੈਦਾ ਹੋ ਜਾਂਦੀਆਂ ਹਨ, ਜੋ ਇਸ ਪਵਿੱਤਰ ਦਿਹਾੜੇ ਦੀ ਗੰਭੀਰਤਾ ਨਾਲ ਮੇਲ ਨਹੀਂ ਖਾਂਦੀਆਂ । ਉਹਨਾਂ ਦੱਸਿਆ ਸ਼ਹੀਦੀ ਦਿਹਾੜੇ ਵਰਗੇ ਗੰਭੀਰ ਅਤੇ ਸਤਿਕਾਰ ਵਾਲੇ ਦਿਨਾਂ 'ਤੇ ਬਹੁਤ ਉੱਚੀ ਆਵਾਜ਼ ਵਾਲੇ ਡੀਜੇ ਲਗਾਉਣ ਦੇ ਨਾਲ ਜਿੱਥੇ ਸ਼ਹੀਦਾਂ ਦੀ ਕੁਰਬਾਨੀ ਅਤੇ ਆਦਰ ਘਟਦਾ ਹੈ ਉਥੇ ਗੁਰਬਾਣੀ, ਕੀਰਤਨ ਅਤੇ ਵਿਚਾਰ ਸੁਣਨ ਦੀ ਥਾਂ ਮਾਹੌਲ ਮੇਲੇ ਜਾਂ ਦਿਖਾਵੇ ਵਾਂਗ ਬਣ ਜਾਂਦਾ ਹੈ । ਅੱਜ-ਕੱਲ੍ਹ ਤਾਂ ਠੰਡੇ-ਮਿੱਠੇ ਜਲ ਦੀ ਛਬੀਲ ਨਾਲ ਸ਼ਹਿਰਾਂ ’ਚ ਕਿਧਰੇ ਚਾਹ, ਕਿਧਰੇ ਰੰਗ-ਬਰੰਗੇ ਹਲਵੇ, ਰੂਹ-ਅਫ਼ਜ਼ਾ ਦੇ ਸ਼ਰਬਤ ਅਤੇ ਕਈ ਹੋਰ ਪਦਾਰਥ ਲੱਖਾਂ ਰੁਪਏ ਖ਼ਰਚ ਕਰਕੇ ਨਗਰ-ਕੀਰਤਨ ਦੇ ਰਸਤੇ ਅਤੇ ਬਜ਼ਾਰਾਂ ਵਿੱਚ ਵੰਡੇ-ਵੰਡਾਏ ਜਾਂਦੇ ਹਨ ਅਤੇ ਖੁਆਏ-ਪਿਲਾਏ ਜਾਂਦੇ ਹਨ। ਇਸ ਤਰ੍ਹਾਂ ਅਸੀਂ ਰਾਹ ਜਾਂਦਿਆਂ ਨੂੰ ਖੁਆਉਣਾ-ਪਿਲਾਉਣਾ, ਲੱਸੀਆਂ, ਸ਼ਰਬਤ ਪਿਲਾਉਣ ਤੇ ਇਤਨਾ ਖ਼ਰਚ ਕਰਦੇ ਹਾਂ। ਸਾਨੂੰ ਦੇਖ-ਦੇਖ ਕੇ ਭੇਡ-ਚਾਲ ਦੀ ਤਰ੍ਹਾਂ ਪਿੰਡਾਂ ਵਿੱਚ ਵੀ ਇੱਕ ਸੜਕ ’ਤੇ ਕਈ-ਕਈ ਛਬੀਲਾਂ ਲੱਗੀਆਂ ਹੁੰਦੀਆਂ ਹਨ ਅਤੇ ਉਹ ਬੱਸਾਂ, ਟਰੱਕਾਂ, ਟਰਾਲੀਆਂ, ਸਕੂਟਰਾਂ, ਕਾਰਾਂ, ਸਾਈਕਲਾਂ ਵਾਲਿਆਂ ਨੂੰ ਰੋਕ-ਰੋਕ ਕੇ ਜ਼ਬਰਦਸਤੀ ਸ਼ਰਬਤ, ਲੱਸੀ ਛਕਾਉਂਦੇ ਹਨ।

ਇਹਨਾਂ ਸਤਰਾਂ ਦਾ ਲੇਖਕ ਇਹ ਨਹੀਂ ਕਹਿੰਦਾ ਕਿ ਛਬੀਲਾਂ ਨਹੀਂ ਲੱਗਣੀਆਂ ਚਾਹੀਦੀਆਂ ਜਾਂ ਕਿਉਂ ਲਗਾਈਆਂ ਜਾਂਦੀਆਂ ਹਨ। ਪਰ ਇਸ ਉੱਤੇ ਸਾਰਾ ਖ਼ਰਚ ਕਰਨ ਦੀ ਬਜਾਏ ਕੁਝ ਲਿਟਰੇਚਰ ਛਪਵਾ ਕੇ ਵੀ ਇਸ ਦਿਨ ਲੰਗਰ ਵਿੱਚ ਵੰਡਿਆ ਜਾਵੇ ਤੇ ਲੋੜਵੰਦਾਂ ਦੀ ਮਦਦ ਕੀਤੀ ਜਾਵੇ ਤਾਂ ਕਿੰਨੀ ਚੰਗੀ ਗੱਲ ਹੈ ? ਛਬੀਲ ਵਿੱਚ ਗਲਾਸਾਂ ਨੂੰ ਲਾਲ ਦਵਾਈ ਨਾਲ ਹਰ ਵਾਰ ਜ਼ਰੂਰ ਸਾਫ਼ ਕਰਕੇ ਫਿਰ ਸਾਦੇ ਪਾਣੀ ਨਾਲ ਜ਼ਰੂਰ ਧੋਣੇ ਚਾਹੀਦੇ ਹਨ। ਛਬੀਲ ਤਿਆਰ ਕਰਨ ਅਤੇ ਕਰਵਾਉਣ ਸਮੇਂ ਨੌਜਵਾਨਾਂ, ਭੈਣਾਂ-ਭਰਾਵਾਂ ਨੂੰ ਸਫ਼ਾਈ, ਸਵੱਛਤਾ ਤੇ ਸੁੱਚਮਤਾ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ। ਛਬੀਲ ਦੇ ਨਾਲ-ਨਾਲ ਗੁਰਮਤਿ ਲਿਟਰੇਚਰ ਦੇ ਛੋਟੇ-ਛੋਟੇ ਟ੍ਰੈਕਟ ਵੀ ਛਪਵਾ ਕੇ ਵੰਡਣੇ ਚਾਹੀਦੇ ਹਨ ਤਾਂ ਕਿ ਗੁਰੂ ਜੀ ਦੇ ਉਪਦੇਸ਼ਾਂ ਬਾਰੇ ਪਤਾ ਲੱਗ ਸਕੇ।

**ਕਰਨੈਲ ਸਿੰਘ ਐੱਮ.ਏ.**
**# 1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰ:1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।ਓ-mial:-**
**KarnialiSnghma@gmial.com**

# ਗੁਰ ਅਰਜਨ ਵਿਟਹੁ ਕੁਰਬਾਣੀ



ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਦੇ ਸਿੱਖ ਜਗਤ ਤੇ ਹੀ ਨਹੀਂ ਪੂਰੀ ਮਨੁੱਖਤਾ ਤੇ ਕੀਤੇ ਉਪਕਾਰ ਕਥਨ ਤੋਂ ਪਰੇ ਹਨ । ਆਪ ਨੇ ਆਪਣੀ ਕਿਰਪਾ ਨਾਲ ਇਵੇਂ ਨਿਹਾਲ ਨਿਹਾਲ ਨਿਹਾਲ ਕੀਤਾ ਕਿ ਸ਼ਬਦ ਮੁੱਕ ਜਾਣ ਪਰ ਵਡਿਆਈ ਕਹੀ ਨਾ ਜਾ ਸਕੇ। ਸੰਸਾਰ ਨੇ ਉਨ੍ਹਾਂ ਦੇ ਸਰੀਰਕ ਰੂਪ 'ਚ ਜੋ ਰੱਬੀ ਰੰਗ ਵੇਖੇ , ਉਹ ਵਿਸਮਾਦ ਨਾਲ ਭਰ ਦੇਣ ਵਾਲੇ ਸਨ । ਗੁਰੂ ਅਰਜਨ ਸਾਹਿਬ ਦੀਆਂ ਦਾਤਾਂ ਦੇ ਝਰਨੇ ਨਿਰੰਤਰ ਵਰ੍ਹ ਰਹੇ ਸਨ ਤੇ ਉਨ੍ਹਾਂ ਦੀ ਨਦਰਿ ਦੀਆਂ ਕਿਰਨਾਂ ਸੰਸਾਰ ਦੇ ਕਣ – ਕਣ ਨੂੰ ਰੋਸ਼ਨ ਕਰ ਰਹੀਆਂ ਸਨ । ਇਹ ਅਚਰਜ ਵੇਖ ਕੇ ਹੀ ਭੱਟ ਸਾਹਿਬਾਨ ਨੂੰ ਕਹਿਣਾ ਪਿਆ " ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥ " । ਸ੍ਰੀ ਅੰਮ੍ਰਿਤਸਰ ਅੰਦਰ ਗੁਰਗੱਦੀ ਤੇ ਵਿਰਾਜਮਾਨ ਹੋਣ ਤੋਂ ਲਾਹੌਰ ਅੰਦਰ ਵਿਲਖਣ ਸ਼ਹੀਦੀ ਦੀ ਲਗਭਗ ੨੫ ਸਾਲ ਦੀ ਯਾਤਰਾ ਸਿੱਖ ਪੰਥ ਨੂੰ ਧਾਰਮਕ – ਆਤਮਕ – ਸੰਸਾਰਕ , ਹਰ ਪੱਖੋਂ ਨਵੀਆਂ ਉਚਾਈਆਂ ਤੇ ਲੈ ਜਾਣ ਵਾਲੀ ਸੀ । ਇਸ ਕਾਲ 'ਚ ਗੁਰੂ ਨਾਨਕ ਸਾਹਿਬ ਦੇ ਚਲਾਏ ਸਿੱਖ ਪੰਥ ਨੂੰ ਇੱਕ ਪਰਿਪੱਕ ਆਧਾਰ ਪ੍ਰਾਪਤ ਹੋਇਆ ਤੇ ਉਹ ਦਿਸ਼ਾ ਦਿਸ਼ਾ ਵੀ ਤੈ ਹੋ ਗਈ ਜਿਸ ਵੱਲ ਪੰਥ ਨੂੰ ਅਗਾਂਹ ਵੱਧਣਾ ਸੀ । ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ , ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ , ਗੁਰਬਾਣੀ ਦਾ ਸਤਿਕਾਰ ਤੇ ਧਰਮ ਲਈ ਸ਼ਹੀਦੀ , ਇਹ ਚਾਰ ਥੰਮ ਗੁਰੂ ਅਰਜਨ ਸਾਹਿਬ ਦੀ ਅਣਮੋਲ ਦੇਣ ਸਨ ਜਿਨ੍ਹਾਂ ਤੇ ਸਿੱਖ ਪੰਥ ਦਾ ਅਦੁੱਤੀ ਅਤੇ ਮਹਾਨ ਕੋਟ ਰਚਿਆ ਗਿਆ ਜੋ ਸਮਾਂ ਆਉਣ ਤੇ ਸੰਪੂਰਣ ਮਨੁੱਖਤਾ ਨੂੰ ਅਚਿੰਤ ਤੇ ਨਿਡਰ ਬਣਾਉਣ ਦਾ ਇੱਕ ਅਜਿੱਤ ਲੋਕ ਬਣ ਕੇ ਸਾਹਮਣੇ ਆਇਆ ।

ਗੁਰੂ ਅਰਜਨ ਸਾਹਿਬ ਦਾ ਮਾਰਗ ਅਤਿ ਕਠਿਨ ਸੀ । ਗੁਰੂ ਘਰ ਦੇ ਵੈਰੀ ਆਪ ਦੇ ਮਿਸ਼ਨ ਨੂੰ ਢਾਹ ਲਾਉਣ ਲਈ ਦਿਨ ਰਾਤ ਲੱਗੇ ਹੋਏ ਸਨ । ਵੈਰੀ ਘਰ ਦੇ ਵੀ ਸਨ ਤੇ ਬਾਹਰ ਦੇ ਵੀ । ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਤਾਕਤ ਆਪ ਦੀ ਸ਼ਾਂਤ ਤੇ ਸੰਜਮੀ ਵਿਰਤੀ ਅਤੇ ਪਰਮਾਤਮਾ 'ਤੇ ਅਡੋਲ ਭਰੋਸਾ ਸੀ । ਆਪ ਨੇ ਵਚਨ ਕੀਤਾ ਕਿ ਮਨੁੱਖ ਆਪਣੀ ਯੁਕਤੀ , ਸਿਆਣਪ ਦਾ ਤਿਆਗ ਕਰੇ ਤੇ ਮਾਇਆ , ਵਿਕਾਰਾਂ ਤੋਂ ਉਦਾਸ ਹੋ ਜਾਏ ਤਾਂ ਨਿਰਮਲ ਅਵਸਥਾ ਪ੍ਰਾਪਤ ਹੁੰਦੀ ਹੈ " ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥ ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥ " । ਗੁਰੂ ਸਾਹਿਬ ਅੰਦਰ ਗੁਰੂ ਘਰ ਦੇ ਵੈਰੀਆਂ ਲਈ ਕਦੇ ਵੀ ਰੋਸ਼ ਨਹੀਂ ਵਿਆਪਤ ਹੋਇਆ । ਮਨ ਸਦਾ ਹੀ ਸਹਿਜ , ਥਿਰ ਰਿਹਾ । ਆਪ ਜੀ ਦੀ ਪ੍ਰੇਰਨਾ ਪਰਮਾਤਮਾ 'ਤੇ ਪੂਰਨ ਭਰੋਸਾ ਰੱਖਨ ਦੀ ਸੀ । ਗੁਰੂ ਸਾਹਿਬ ਦਾ ਪੂਰਾ ਜੀਵਨ ਇਸ ਦੀਆਂ ਮਿਸਾਲਾਂ ਨਾਲ ਭਰਿਆ ਹੋਈਆ ਹੈ । ਹਰ ਸਥਿਤੀ 'ਚ ਪਰਮਾਤਮਾ ਤੇ ਭਰੋਸਾ ਕਾਇਮ ਰੱਖਣਾ ਗੁਰਸਿੱਖੀ ਦਾ ਮੁੱਢਲਾ ਸਿਧਾਂਤ ਸੀ । ਆਪ ਸਦਾ ਹੀ ਸਿੱਖਾਂ ਨੂੰ ਪਰਮਾਤਮਾ ਦੇ ਨਿਆਂ ਅੰਦਰ ਰਹਿਣਾ ਸਿਖਾਉਂਦੇ ਰਹੇ । ਆਪ ਦਾ ਵਚਨ ਸੀ ਕਿ ਪਰਮਾਤਮਾ ਆਪ ਅੱਗੇ ਹੋ ਕੇ ਆਪਨੇ ਭਗਤਾਂ ਦੀ ਪੈਜ ਰੱਖਦਾ ਹੈ " ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥ ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥ " । ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤ ਸਰੋਵਰ ਪੱਕਾ ਕਰਾਇਆ ਤੇ ਸ੍ਰੀ ਹਰਿਮੰਦਰ ਸਾਹਿਬ ਰਚਿਆ ਜੋ ਕਿ ਮਹਾਨ ਤੇ ਮਾਣ ਭਰਿਆ ਭਵਿੱਖ ਸਿਰਜਣ ਦਾ ਅਤੁੱਲ ਉਪਕਾਰ ਸੀ । ਗੁਰੂ ਸਾਹਿਬ ਦੇ ਪਰਮਾਤਮਾ ਤੇ ਅਟਲ ਭਰੋਸੇ ਕਾਰਨ ਸਾਰਾ ਕਾਰਜ ਨਿਰਵਿਘਨ ਪੂਰਨ ਹੋਇਆ । ਗੁਰੂ ਸਾਹਿਬਾਨ ਦੀ ਪ੍ਰਮਾਣਿਕ ਬਾਣੀ ਇਕੱਤਰ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵਰੂਪ ਦੇਣਾ ਤੇ ਭਿੰਨ ਭਿੰਨ ਖੇਤਰਾਂ ਦੇ ਭਗਤਾਂ ਦੇ ਨਾਲ ਹੀ ਭੱਟ ਕਵੀ ਸਾਹਿਬਾਨ ਅਤੇ ਸਿੱਖਾਂ ਦੀ ਬਾਣੀ ਵੀ ਜੋੜਨਾ ਇਕ ਅਜਿਹਾ ਉੱਦਮ ਸੀ ਜੋ ਗੁਰੂ ਅਰਜਨ ਸਾਹਿਬ ਦੀ ਅਗੰਮੀ ਸਮਰਥਾ ਤੇ ਅਚਰਜ ਭਰੀ ਇਕਾਗਰਤਾ ਦਾ ਪ੍ਰਤੀਕ ਸੀ । ਗੁਰੂ ਸਾਹਿਬ ਨਿਤ ਦੀ ਮਰਿਆਦਾ , ਵਿਵਹਾਰ ਵੀ ਪੂਰਨ ਕਰਦੇ , ਸੰਗਤ ਨਾਲ ਸੰਵਾਦ ਵੀ ਕਰਦੇ ਤੇ ਆਪਨੇ ਮਿਥੇ ਟੀਚੇ ਵੀ ਪੂਰੇ ਕਰਦੇ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਤੇ ਗੁਰੂ ਸਾਹਿਬ ਦਾ ਕੀਤਾ ਗੁਰਬਾਣੀ ਦਾ ਸਤਿਕਾਰ ਸਿੱਖ ਪੰਥ ਲਈ ਰੋਸ਼ਨ ਮੀਨਾਰ ਬਣ ਗਿਆ । ਗੁਰੂ ਅਰਜਨ ਸਾਹਿਬ ਦੇ ਚਰਣਾਂ 'ਚ ਮਸਤਕ ਟੇਕਨ ਲਈ ਸੰਗਤਾਂ ਦੀਆਂ ਕਤਾਰਾਂ ਲੱਗਦੀਆਂ । ਗੁਰੂ ਸਾਹਿਬ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾ ਕੇ ਗੁਰਬਾਣੀ ਦੇ ਸਤਿਕਾਰ ਦਾ ਜੋ ਆਦਰਸ਼ ਕਾਇਮ ਕੀਤਾ ਉਸ ਨੇ ਧਾਰਮਿਕ ਜਗਤ ਨੂੰ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ । ਅਜੇ ਤੱਕ ਗੁਰੂ ਸਾਹਿਬਾਨ ਦਾ ਦਰਬਾਰ ਲੱਗਿਆ ਕਰਦਾ ਸੀ । ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਬਾਰ ਸੱਜਣ ਲੱਗ ਪਿਆ ਤੇ ਗੁਰੂ ਅਰਜਨ ਸਾਹਿਬ ਆਪ ਭੀ ਸੰਗਤ ਵਿੱਚ ਬਹਿ ਕੇ ਗੁਰਬਾਣੀ ਸਰਵਣ ਕਰਦੇ । ਗੁਰੂ ਸਾਹਿਬ ਆਪ ਪ੍ਰਤੱਖ ਹਰੀ ਦਾ ਰੂਪ ਸਨ ਤੇ ਗੁਰ ਸ਼ਬਦ ਅੰਦਰ ਵੀ ਰੂਪਮਾਨ ਹੋ ਗਏ । ਇਹ ਵਿਲਖਣ ਅਧਿਆਤਮਿਕਤਾ ਸੀ ਜਿਸ ਦਾ ਆਰੰਭ ਗੁਰੂ ਨਾਨਕ ਸਾਹਿਬ ਕਰ ਚੁਕੇ ਸਨ ਤੇ ਜਿਸ ਨੂੰ ਬਾਅਦ 'ਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਣ ਕੀਤਾ । ਸਿੱਖ ਪੰਥ ਅੰਦਰ ਗੁਰ ਸ਼ਬਦ ਨੂੰ ਅੰਮ੍ਰਿਤ ਰੂਪ ਧਾਰਨ ਕਰਨ ਦਾ ਸੰਕਲਪ ਦ੍ਰਿੜ੍ਹ ਹੋਇਆ " ਅੰਮ੍ਰਿਤ ਬਚਣ ਸਾਧ ਕੀ ਬਾਣੀ ॥ ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥ " । ਮਨੁੱਖ ਦਾ ਜੀਵਨ ਖੁਆਰ ਕਰਨ ਵਾਲੇ , ਧਰਮ ਦੇ ਨਾਂ ਤੇ ਕੀਤੇ ਜਾ ਰਹੇ ਪਾਖੰਡ , ਆਡੰਬਰ ਤਿਆਗ ਕੇ ਸਿੱਖ ਸੰਗਤ ਨੂੰ ਪਰਮਾਤਮਾ ਦਾ ਜਸ ਗਾਉਣ ਦਾ ਪੱਕਾ ਤੇ ਸੰਸਾ ਰਹਿਤ ਮਾਰਗ ਵਿਖਾਈ ਦਿੱਤਾ " ਨਿਰਬਾਣੁ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ " । ਹਾਲਾਂਕਿ ਸਿੱਖ ਸੰਗਤ ਦੁਆਰਾ ਗੁਰਬਾਣੀ ਗਾਇਣ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਆਰੰਭ ਹੋ ਗਈ ਸੀ ਪਰ ਇਹ ਪਰੰਪਰਾ ਨੇ ਗੁਰੂ ਅਰਜਨ ਸਾਹਿਬ ਦੇ ਕਾਲ 'ਚ ਬਾਕਾਇਦਾ ਸੰਸਥਾਗਤ ਰੂਪ ਧਾਰਨ ਕੀਤਾ । ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੰਗਤ ਨੂੰ ਜੋੜਨ ਤੇ ਪ੍ਰੇਰਨ ਦਾ ਮੁੱਖ ਮਾਧਿਅਮ ਬਣ ਗਈ ।

ਗੁਰੂ ਅਰਜਨ ਸਾਹਿਬ ਦੀ ਪ੍ਰੇਰਨਾ ਸਿੱਖ ਪੰਥ ਦੇ ਵਿਕਾਸ 'ਚ ਬੜੀ ਅਹਿਮ ਸਾਬਿਤ ਹੋਈ । ਵੱਡੀ ਤਦਾਦ 'ਚ ਵੱਖ ਵੱਖ ਧਰਮਾਂ ਦੇ ਲੋਗ ਸਿੱਖ ਬਣਨ ਲੱਗ ਪਏ ।ਗੁਰਬਾਣੀ ਦਾ ਵਿਆਪਕ ਪ੍ਰਚਾਰ , ਪ੍ਰਸਾਰ ਹੋਇਆ । ਇਹ ਸਮਾਂ ਸੀ ਜਦੋਂ ਹਿੰਦੁਸਤਾਨ ਦੀ ਰਾਜ ਵਿਵਸਥਾ ਵੀ ਬਦਲੀ ਤੇ ਅਕਬਰ ਤੋਂ ਬਾਅਦ ਜਹਾਂਗੀਰ ਦਿੱਲੀ ਦੇ ਤਖਤ ਤੇ ਬੈਠਾ ਜੋ ਕੱਟੜ ਧਾਰਮਿਕ ਭਾਵਨਾ ਦਾ ਧਾਰਣੀ ਸੀ । ਗੁਰੂ ਘਰ ਦੇ ਨਿੰਦਕਾਂ , ਵੈਰੀਆਂ ਲਈ ਇਹ ਮੁਫੀਦ ਮੌਕਾ ਸੀ । ਉਨ੍ਹਾਂ ਗੁਰੂ ਸਾਹਿਬ ਦੇ ਵਿਰੁੱਧ ਦੁਰਭਾਵਨਾ ਭਰੀਆਂ , ਝੂਠੀਆਂ ਸ਼ਿਕਾਇਤਾਂ ਕਰਣੀਆਂ ਸ਼ੁਰੂ ਕਰ ਦਿੱਤੀਆਂ । ਜਹਾਂਗੀਰ ਦੀ ਸੋਚ ਬਣਦੀ ਗਈ ਕਿ ਜੇ ਗੁਰੂ ਅਰਜਨ ਸਾਹਿਬ ਦਾ ਪ੍ਰਤਾਪ ਇਵੇਂ ਹੀ ਵੱਧਦਾ ਗਿਆ ਤੇ ਹਰ ਜਾਤੀ , ਸੰਪਰਦਾ , ਧਰਮ ਦੇ ਲੋਕਾਂ ਅੰਦਰ ਸਿੱਖ ਪੰਥ ਲਈ ਸਨਮਾਨ ਤੇ ਭਰੋਸਾ ਦ੍ਰਿੜ੍ਹ ਹੁੰਦਾ ਗਿਆ ਤਾਂ ਇਸਲਾਮ ਦੇ ਪ੍ਰਸਾਰ ਦੀ ਨੀਤੀ ਨੂੰ ਢਾਹ ਲੱਗ ਸਕਦੀ ਹੈ । ਗੁਰੂ ਘਰ ਦੇ ਵੈਰੀਆਂ ਨੇ ਗੁਰੂ ਅਰਜਨ ਸਾਹਿਬ ਦੇ ਅਕਸ ਨੂੰ ਬਾਗੀ ਸ਼ਾਹਜਾਦਾ ਖੁਸਰੋ ਦੇ ਹਿਮਾਇਤੀ ਦੇ ਰੂਪ 'ਚ ਵੀ ਜਹਾਂਗੀਰ ਦੇ ਸਾਹ-ਮਣੇ ਪੇਸ਼ ਕੀਤਾ । ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਤਲਬ ਕਰ ਲਿਆ । ਸੰਜਮ , ਸੰਤੋਖ ਤੇ ਸਹਿਜ ਦੇ ਪੁੰਜ ਗੁਰੂ ਅਰਜਨ ਸਾਹਿਬ ਜਾਣਦੇ ਸਨ ਕਿ ਇੱਕ ਅਦੁੱਤੀ ਇਤਿਹਾਸ ਰਚਨ ਦੀ ਜਿੰਮੇਵਾਰੀ ਉਨ੍ਹਾਂ ਤੇ ਆਣ ਪਈ ਹੈ । ਆਪ ਪੰਜ ਸਿੱਖਾਂ ਨਾਲ ਲਾਹੌਰ ਚੱਲ ਪਏ ਤਾਂ ਜੋ ਸਿੱਖ ਪੰਥ ਦੀ ਆਨ , ਬਾਨ ਨਵੀਆਂ ਉਚਾਈਆਂ ਤੇ ਪੁੰਜ ਸਕੇ । ਲਾਹੌਰ ਪੁੱਜਣ ਤੇ ਗੁਰੂ ਸਾਹਿਬ ਨੂੰ ਕੈਦ ਕਰ ਲਿਆ ਗਿਆ ਤੇ ਚੰਦੂ ਸ਼ਾਹ ਦੇ ਘਰ ਰੱਖਿਆ ਗਿਆ । ਸ਼ਾਹੀ ਦਰਬਾਰ ਵਿੱਚ ਗੁਰੂ ਸਾਹਿਬ ਅੱਗੇ ਦੋ ਵਿਕਲਪ ਰੱਖੇ ਗਏ ਕਿ ਜਾਣ ਇਸਲਾਮ ਕਬੂਲ ਕਰ ਲਵੋ ਜਾਂ ਮੌਤ । ਗੁਰੂ ਸਾਹਿਬ ਤਾਂ ਸੁੱਖਾਂ ਦੇ ਦਾਤੇ ਸਨ ਜਿਨ੍ਹਾਂ ਦੇ ਦਰਸ਼ਨ ਮਾਤਰ ਨਾਲ ਜਨਮਾਂ ਜਨਮਾਂ ਦੇ ਸੋਗ , ਸੰਤਾਪ ਦੂਰ ਹੋ ਜਾਂਦੇ ਸਨ " ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ ॥ ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥ " । ਆਪ ਦੀ ਅੰਮ੍ਰਿਤ ਬਾਣੀ ਤਾਂ ਜਗਤ ਜਲੰਦੇ ਨੂੰ ਤ੍ਰਿਪਤ ਤੇ ਸ਼ਾਂਤ ਕਰਨ ਵਾਲੀ ਸੀ " ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥ ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥ " । ਗੁਰੂ ਅਰਜਨ ਸਾਹਿਬ ਤਾਂ ਪਰਮਾਤਮਾ ਦੇ ਰੰਗ 'ਚ ਰੰਗੇ ਹੋਏ ਅਡੋਲ ਚਿੱਤ ਤੇ ਨਿਰਮਲ ਸੋਚ ਦੇ ਸੁਆਮੀ ਸਨ " ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥ ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥ " । ਮੁਗਲ ਦਰਬਾਰ ਦੇ ਕਿਸੇ ਵੀ ਦਬਾਅ ਦਾ ਗੁਰੂ ਸਾਹਿਬ ਤੇ ਕੋਈ ਅਸਰ ਨਾ ਪਿਆ ਤਾਂ ਆਪ ਨੂੰ ਯਾਸਾ – ਓ – ਸਿਆਸਤ ਕਾਨੂਨ ਦੇ ਤਹਿਤ ਤਸੀਹੇ ਦੇ ਕੇ ਸ਼ਹੀਦ ਕਰ ਦੇਣ ਦੀ ਸਜਾ ਸੁਨਾ ਦਿੱਤੀ ਗਈ । ਆਪ ਤੇ ਜੁਰਮਾਨਾ ਵੀ ਲਾਇਆ ਗਿਆ । ਇਹ ਮੁਗਲ ਰਾਜ ਦਾ ਉਸ ਵੇਲੇ ਦਾ ਸਭ ਤੋਂ ਸਖਤ ਕਾਨੂਨ ਸੀ । ਗੁਰੂ ਸਾਹਿਬ ਨੇ ਅਜਰ ਬੜੇ ਹੀ ਸਹਿਜ ਨਾਲ ਜਰ ਕੇ ਸਾਰੀ ਮਨੁੱਖਤਾ ਨੂੰ ਸ਼ਬਦ ਹੀਨ ਕਰ ਦਿੱਤਾ । ਜੋ ਦੁਨਿਆ ਤੇ ਵੈਰੀ ਦੀ ਨਿਗਾਹ 'ਚ ਤੱਤੀ ਰੇਤ , ਪਾਨੀ ਦੀ ਉਬਲਦੀ ਦੇਗ , ਤੱਤੀ ਤਵੀ ਸੀ , ਗੁਰੂ ਸਾਹਿਬ ਦੇ ਅੰਮ੍ਰਿਤ ਸੰਕਲਪ ਅੱਗੇ ਹਾਰ ਕੇ ਸ਼ੀਤਲ ਚੰਦਨ ਹੁੰਦੀ ਗਈ " ਜਿਸਹਿ ਸਹਾਈ ਗੋਬਿਦੁ ਮੇਰਾ ॥ ਤਿਸੁ ਕਉ ਜਮੁ ਨਹੀ ਆਵੈ ਨੇਰਾ ॥ " । ਗੁਰੂ ਅਰਜਨ ਸਾਹਿਬ ਅੰਦਰ ਪਰਮਾਤਮਾ ਆਪ ਪਰਗਟ ਸੀ , ਉਹ ਆਪ ਗੁਰੂ ਸਾਹਿਬ ਦਾ ਸਹਾਈ ਸੀ । ਇਸ ਕਾਰਨ ਤਾਪ , ਸੇਕ ਵੀ ਪੋਹ ਦਾ ਠਾਰ ਬਣ ਗਿਆ " ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ " । ਗੁਰੂ ਅਰਜਨ ਸਾਹਿਬ ਨੇ ਧਰਮ ਲਈ ਅਜਰ ਜਰੀਆ ਤੇ ਉਨ੍ਹਾਂ ਦਾ ਮਨੋਰਥ ਸਫਲ ਹੋਇਆ " ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥ " । ਤਿੰਨ ਦਿਨਾਂ ਦੀ ਅਸਹਿ ਪੀੜਾ ਜਰਨ ਤੋਂ ਬਾਅਦ ਆਪ ਪਰਮਾਤਮਾ 'ਚ ਸਮਾ ਗਏ ਜਿਵੇਂ ਰਾਵੀ ਨਦੀ ਦੀਆਂ ਲਹਿਰਾਂ ਨਦੀ 'ਚ ਸਮੋ ਰਹੀਆਂ ਸਨ " ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ " ।

ਗੁਰੂ ਅਰਜਨ ਸਾਹਿਬ ਦਾ ਗੁਰਤਾ ਕਾਲ ਮਨੁੱਖੀ ਕਦਰਾਂ ਕੀਮਤਾਂ ਦਾ ਸੁਨਹਿਰੀ ਕਾਲ ਸੀ " ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥ " । ਆਪ ਦੀ ਪ੍ਰੇਰਨਾ ਅੰਤਰ ਅਵਸਥਾ ਸ਼ੀਤਲ ਕਰਨ ਵਾਲੀ ਸੀ " ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ " । ਆਪ ਦੀ ਸ਼ਹੀਦੀ ਸੰਸਾਰ ਦਾ ਸਭ ਤੋਂ ਪਵਿੱਤਰ ਕਰਮ ਸੀ ਜਿਸ ਨੇ ਸਿੱਖ ਸ਼ਹੀਦੀਆਂ ਦੇ ਇਤਿਹਾਸ ਦੇ ਪੰਨੇ ਤੇ ਸਿਰਲੇਖ ਦਰਜ ਕੀਤਾ " ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ " । ਗੁਰੂ ਸਾਹਿਬ ਦੀ ਪਾਵਨ ਸ਼ਹੀਦੀ ਸਿੱਖਾਂ ਦਾ ਸ਼ਸਤਰਾਂ ਨਾਲ ਮੇਲ ਕਰਾਉਣ ਵਾਲੀ ਸਾਬਿਤ ਹੋਈ । ਸਿੱਖਾ ਨੇ ਸਾਕਤ ਦਾ ਜੋਰ ਜਰਨਾ ਵੀ ਸਿੱਖਿਆ ਤੇ ਸਾਕਤ ਦੇ ਜੋਰ ਦਾ ਮੂੰਹ ਮੋੜਨਾ ਵੀ । ਗੁਰੂ ਸਾਹਿਬ ਦੀ ਸ਼ਹੀਦੀ ਸ਼ਕਤੀ ਤੇ ਸੰਜਮ ਦਾ ਸੁਮੇਲ ਬਣਨ ਦੀ ਰਾਹ ਬਣੀ । ਮੀਰੀ ਤੇ ਪੀਰੀ ਦੇ ਸਿਧਾਂਤ ਤੋਂ ਖਾਲਸਾ ਦੇ ਉਦੈ ਤੱਕ ਦੀ ਯਾਤਰਾ ਵਿੱਚ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਇੱਕ ਅਹਿਮ ਪੜਾਅ ਸੀ।



**ਡਾ. ਸਤਿੰਦਰ ਪਾਲ ਸਿੰਘ**
**ਈ – ੧੭੧੯ ,**
**ਰਾਜਾਜੀਪੁਰਮ**
**ਲਖਨਊ – ੨੨੬੦੧੭**
**ਈ ਮੇਲ**
**akaalpurkh.7@gmial.com**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com